# ਹਾਈ ਸਟੈਂਡਰਡ ਨਿਊਜ਼

HIGH STANDARD NEWS

HIGHSTANDARDNEWS

Date 22.07.2024

www.hsnnews.in | PUNPUN/2024/86289 | President:-Shailzadwivedi | Email:info@hsnnews.in

Vol.11 | July 2024 | Published in Punjab | Pages 8


## ਬਜਟ ਸੈਸ਼ਨ ਤੋਂ ਪਹਿਲੇ PM ਮੋਦੀ ਨੇ ਵਿਰੋਧੀ ਧਿਰਾਂ 'ਤੇ ਵਿੰਨ੍ਹਿਆ ਨਿਸ਼ਾਨਾ



ਸੰਸਦ ਦੇ ਬਜਟ ਸੈਸ਼ਨ ਦੀ ਸ਼ੁਰੂਆਤ ਤੋਂ ਪਹਿਲੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੋਮਵਾਰ ਨੂੰ ਕਿਹਾ ਕਿ ਲੋਕਾਂ ਨੇ ਲੋਕ ਸਭਾ ਚੋਣਾਂ 'ਚ ਆਪਣਾ ਫ਼ੈਸਲਾ ਸੁਣਾ ਦਿੱਤਾ ਹੈ ਅਤੇ ਹੁਣ ਸਾਰੇ ਸਿਆਸੀ ਦਲਾਂ ਨੂੰ ਅਗਲੇ 5 ਸਾਲਾਂ ਤੱਕ ਦੇਸ਼ ਲਈ ਮਿਲ ਕੇ ਲੜਨਾ ਚਾਹੀਦਾ। ਕੇਂਦਰੀ ਬਜਟ ਪੇਸ਼ ਹੋਣ ਤੋਂ ਇਕ ਦਿਨ ਪਹਿਲੇ, ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਬਜਟ ਅਗਲੇ 5 ਸਾਲ ਦੀ ਯਾਤਰਾ ਦੀ ਦਿਸ਼ਾ ਤੈਅ ਕਰੇਗਾ ਅਤੇ 2047 'ਚ 'ਵਿਕਸਿਤ ਭਾਰਤ' ਦੇ ਸੁਫ਼ਨੇ ਨੂੰ ਪੂਰਾ ਕਰਨ ਦੀ ਨੀਂਹ ਰੱਖੇਗਾ। ਸੈਸ਼ਨ ਦੀ ਸ਼ੁਰੂਆਤ ਤੋਂ ਪਹਿਲੇ ਮੀਡੀਆ ਨਾਲ ਗੱਲ ਕਰਦੇ ਹੋਏ ਪੀ.ਐੱਮ. ਮੋਦੀ ਨੇ ਕੁਝ ਦਲਾਂ ਦੀ ਨਕਾਰਾਤਮਕ ਰਾਜਨੀਤੀ ਦੀ ਵੀ ਆਲੋਚਨਾ ਕੀਤੀ ਅਤੇ ਕਿਹਾ ਕਿ ਉਨ੍ਹਾਂ ਨੇ ਆਪਣੀਆਂ ਅਸਫ਼ਲਤਾਵਾਂ ਲੁਕਾਉਣ ਲਈ ਸੰਸਦ ਦੇ ਸਮੇਂ ਦਾ ਇਸਤੇਮਾਲ ਕੀਤਾ। ਪੀ.ਐੱਮ. ਮੋਦੀ ਨੇ ਪਿਛਲੇ ਸੈਸ਼ਨ 'ਚ ਸੰਸਦ 'ਚ ਉਨ੍ਹਾਂ ਦੀ ਆਵਾਜ਼ ਨੂੰ ਦਬਾਉਣ ਦੀ ਕੋਸ਼ਿਸ਼ ਕਰਨ ਲਈ ਵਿਰੋਧੀ ਦਲਾਂ 'ਤੇ ਵੀ ਨਿਸ਼ਾਨਾ ਵਿੰਨ੍ਹਿਆ ਅਤੇ ਕਿਹਾ ਕਿ ਲੋਕਤੰਤਰ 'ਚ ਅਜਿਹੀ ਰਣਨੀਤੀ ਦਾ ਕੋਈ ਸਥਾਨ ਨਹੀਂ ਹੈ। ਮੋਦੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਲੋਕਾਂ ਨੂੰ ਦਿੱਤੀਆਂ ਗਈਆਂ ਗਾਰੰਟੀਆਂ ਨੂੰ ਲਾਗੂ ਕਰਨ ਲਈ ਅੱਗੇ ਵੱਧ ਰਹੀ ਹੈ। ਉਨ੍ਹਾਂ ਕਿਹਾ,''ਇਹ ਬਜਟ ਸੈਸ਼ਨ ਹੈ। ਮੈਂ ਜੋ ਗਾਰੰਟੀ ਦਿੰਦਾ ਰਿਹਾ ਹਾਂ, ਅਸੀਂ ਉਨ੍ਹਾਂ ਗਾਰੰਟੀਆਂ ਨੂੰ ਲਾਗੂ ਕਰਨ ਲਈ ਅੱਗੇ ਵੱਧ ਰਹੇ ਹਾਂ।'' ਮੋਦੀ ਨੇ ਕਿਹਾ,''ਇਹ ਬਜਟ ਅੰਮ੍ਰਿਤ ਕਾਲ ਦਾ ਇਕ ਮਹੱਤਵਪੂਰਨ ਬਜਟ ਹੈ। ਸਾਡੇ ਕੋਲ 5 ਸਾਲ ਦਾ ਜੋ ਮੌਕਾ ਹੈ, ਇਹ ਬਜਟ ਉਸ ਯਾਤਰਾ ਦੀ ਦਿਸ਼ਾ ਤੈਅ ਕਰੇਗਾ ਅਤੇ ਨਾਲ ਹੀ 2047 'ਚ ਵਿਕਸਿਤ ਭਾਰਤ ਦੇ ਸੁਫ਼ਨੇ ਨੂੰ ਪੂਰਾ ਕਰਨ ਦੀ ਨੀਂਹ ਰੱਖੇਗਾ।'' ਉਨ੍ਹਾਂ ਇਹ ਵੀ ਕਿਹਾ ਕਿ ਬਜਟ ਸੈਸ਼ਨ ਸਾਡੇ ਲੋਕਤੰਤਰ ਦੀ ਮਾਣਮੱਤੀ ਯਾਤਰਾ ਦਾ ਇਕ ਮਹੱਤਵਪੂਰਨ ਪੜਾਅ ਹੈ। ਉਨ੍ਹਾਂ ਕਿਹਾ ਕਿ 60 ਸਾਲ ਬਾਅਦ ਕੋਈ ਸਰਕਾਰ ਤੀਜੀ ਵਾਰ ਸੱਤਾ 'ਚ ਆਈ ਹੈ।

## ਬ੍ਰਜ ਮੰਡਲ ਯਾਤਰਾ ਤੋਂ ਪਹਿਲਾਂ CM ਸੈਣੀ ਨੇ ਲੋਕਾਂ ਨੂੰ ਕੀਤੀ ਇਹ ਅਪੀਲ



ਹਰਿਆਣਾ ਸਰਕਾਰ ਨੇ ਬ੍ਰਜ ਮੰਡਲ ਜਲਾਭਿਸ਼ੇਕ ਯਾਤਰਾ ਨੂੰ ਲੈ ਕੇ ਨੂਹ ਜ਼ਿਲ੍ਹੇ 'ਚ ਐਤਵਾਰ ਸ਼ਾਮ 6 ਵਜੇ ਤੋਂ 24 ਘੰਟਿਆਂ ਲਈ ਮੋਬਾਇਲ ਇੰਟਰਨੈੱਟ ਅਤੇ ਇਕੱਠੇ ਕਈ ਲੋਕਾਂ ਨੂੰ ਐੱਸ.ਐੱਮ.ਐੱਸ. ਭੇਜਣ ਦੀ ਸੇਵਾ 'ਤੇ ਰੋਕ ਲਗਾ ਦਿੱਤੀ ਹੈ। ਉੱਥੇ ਹੀ ਨੂਹ 'ਚ ਇੰਟਰਨੈੱਟ ਬੰਦ ਕੀਤੇ ਜਾਣ 'ਤੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ,''ਅਸੀਂ ਅਧਿਕਾਰੀਆਂ ਨੂੰ ਚੌਕਸ ਕਰ ਦਿੱਤਾ ਹੈ। ਮੈਂ ਲੋਕਾਂ ਨੂੰ ਅਪੀਲ ਕਰਨਾ ਚਾਹੁੰਦਾ ਹਾਂ ਕਿ ਇਹ ਇਕ ਧਾਰਮਿਕ ਆਯੋਜਨ ਹੈ। ਅਸੀਂ ਸਦਭਾਵਨਾ ਦੇ ਸਮਾਜ 'ਚ ਰਹਿੰਦੇ ਹਾਂ। ਭਗਵਾਨ ਕ੍ਰਿਸ਼ਨ ਦੇ ਭਗਤਾਂ ਵਲੋਂ ਇਹ ਯਾਤਰਾ ਬ੍ਰਜ ਮੰਡਲ ਤੋਂ ਹੋ ਕੇ ਲੰਘਦੀ ਹੈ। ਇਸ ਨੂੰ ਸਫ਼ਲ ਬਣਾਉਣ ਲਈ ਯਾਤਰਾ ਦੌਰਾਨ ਸਹਿਯੋਗ ਹੋਣਾ ਚਾਹੀਦਾ।'' ਦੱਸਣਯੋਗ ਹੈ ਕਿ ਪਿਛਲੇ ਸਾਲ 31 ਜੁਲਾਈ ਨੂੰ ਹਰਿਆਣਾ ਦੇ ਨੂਹ ਜ਼ਿਲ੍ਹੇ 'ਚ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਜਲੂਸ ਨੂੰ ਰੋਕਣ ਦੀ ਕੋਸ਼ਿਸ਼ 'ਚ 2 ਹੋਮ ਗਾਰਡਜ਼ ਦੀ ਮੌਤ ਹੋ ਗਈ ਸੀ ਅਤੇ ਕਈ ਪੁਲਸ ਮੁਲਾਜ਼ਮਾਂ ਸਮੇਤ 15 ਹੋਰ ਜ਼ਖ਼ਮੀ ਹੋ ਗਏ ਸਨ। ਭੀੜ ਨੇ ਪਥਰਾਅ ਕੀਤਾ ਸੀ ਅਤੇ ਕਾਰਾਂ 'ਚ ਅੱਗ ਲਗਾ ਦਿੱਤੀ ਸੀ। ਉਸੇ ਰਾਤ ਗੁਰੂਗ੍ਰਾਮ 'ਚ ਇਕ ਮਸਜਿਦ 'ਤੇ ਭੀੜ ਨੇ ਹਮਲਾ ਕਰ ਦਿੱਤਾ ਸੀ ਅਤੇ ਉਸ ਦੇ ਨਾਇਬ ਇਮਾਮ ਦੀ ਮੌਤ ਹੋ ਗਈ ਸੀ। ਇਸ ਸੰਘਰਸ਼ ਦੇ ਤੁਰੰਤ ਬਾਅਦ 5 ਲੋਕ ਮਾਰੇ ਗਏ ਸਨ ਅਤੇ ਕਈ ਜ਼ਖ਼ਮੀ ਹੋ ਗਏ ਸਨ।

## ਓਡੀਸ਼ਾ 'ਚ ਭਾਰੀ ਬਾਰਿਸ਼ ਨੇ ਮਚਾਈ ਤਬਾਹੀ



ਬੰਗਾਲ ਦੀ ਖਾੜੀ 'ਤੇ ਬਣੇ ਦਬਾਅ ਦੀ ਸਥਿਤੀ ਕਾਰਨ ਓਡੀਸ਼ਾ ਦੇ ਕਈ ਜ਼ਿਲ੍ਹੇ ਪਿਛਲੇ ਤਿੰਨ ਦਿਨਾਂ ਤੋਂ ਹੋ ਰਹੀ ਭਾਰੀ ਬਾਰਿਸ਼ ਨਾਲ ਪ੍ਰਭਾਵਿਤ ਹੋਏ ਹਨ। ਇਹ ਜਾਣਕਾਰੀ ਐਤਵਾਰ ਨੂੰ ਇਕ ਅਧਿਕਾਰਤ ਬਿਆਨ ਵਿਚ ਦਿੱਤੀ ਗਈ। ਅਧਿਕਾਰਤ ਬਿਆਨ 'ਚ ਕਿਹਾ ਗਿਆ ਹੈ ਕਿ ਮਲਕਾਨਗਿਰੀ ਜ਼ਿਲ੍ਹੇ 'ਚ 7,300 ਤੋਂ ਜ਼ਿਆਦਾ ਲੋਕ ਇਸ ਸਮੇਂ ਦੌਰਾਨ ਭਾਰੀ ਬਾਰਿਸ਼ ਨਾਲ ਪ੍ਰਭਾਵਿਤ ਹੋਏ ਹਨ। ਬੰਗਾਲ ਦੀ ਖਾੜੀ 'ਤੇ ਬਣੇ ਦਬਾਅ ਦੇ ਪ੍ਰਭਾਵ ਹੇਠ ਨਬਰੰਗਪੁਰ, ਕੋਰਾਪੁਟ, ਖੁਰਦਾ, ਨਯਾਗੜ੍ਹ ਅਤੇ ਮਲਕਾਨਗਿਰੀ ਜ਼ਿਲ੍ਹਿਆਂ ਵਿਚ 19 ਜੁਲਾਈ ਨੂੰ ਭਾਰੀ ਬਾਰਿਸ਼ ਪਈ। ਇਸੇ ਤਰ੍ਹਾਂ 20 ਜੁਲਾਈ ਨੂੰ ਮਲਕਾਨਗਿਰੀ, ਕੋਰਾਪੁਟ, ਰਾਏਗੜ੍ਹਾ, ਗਜਪਤੀ ਅਤੇ ਨਬਰੰਗਪੁਰ ਜ਼ਿਲ੍ਹਿਆਂ ਵਿਚ ਭਾਰੀ ਬਾਰਿਸ਼ ਹੋਈ, ਜਦੋਂਕਿ 21 ਜੁਲਾਈ ਨੂੰ ਨੌਪਾੜਾ, ਸੋਨਪੁਰ, ਬੋਧ, ਮਲਕਾਨਗਿਰੀ, ਬੋਲਾਂਗੀਰ ਅਤੇ ਅੰਗੁਲ ਵਿਚ ਭਾਰੀ ਬਾਰਿਸ਼ ਹੋਈ। ਵਿਸ਼ੇਸ਼ ਰਾਹਤ ਕਮਿਸ਼ਨਰ (ਐੱਸਆਰਸੀ) ਦੇ ਦਫ਼ਤਰ ਨੇ ਆਪਣੇ ਬਿਆਨ ਵਿਚ ਕਿਹਾ ਕਿ ਭਾਰੀ ਬਾਰਿਸ਼ ਕਾਰਨ ਮਲਕਾਨਗਿਰੀ ਜ਼ਿਲ੍ਹੇ ਵਿਚ ਕਈ ਸੜਕਾਂ ਅਤੇ ਪੁਲ ਪਾਣੀ ਵਿਚ ਡੁੱਬ ਗਏ ਹਨ। ਐੱਸਆਰਸੀ ਦਫ਼ਤਰ ਨੇ ਕਿਹਾ ਕਿ ਜ਼ਿਲ੍ਹੇ ਦੀਆਂ 111 ਪੰਚਾਇਤਾਂ ਦੇ 1,045 ਪਿੰਡ ਵੀ ਪ੍ਰਭਾਵਿਤ ਹੋਏ ਹਨ ਅਤੇ ਸਥਾਨਕ ਪ੍ਰਸ਼ਾਸਨ ਨੇ ਹੁਣ ਤੱਕ ਨੀਵੇਂ ਇਲਾਕਿਆਂ ਤੋਂ 121 ਲੋਕਾਂ ਨੂੰ ਸੁਰੱਖਿਅਤ ਪਨਾਹਗਾਹਾਂ ਵਿਚ ਪਹੁੰਚਾਇਆ ਹੈ। ਐੱਸਆਰਸੀ ਦਫ਼ਤਰ ਨੇ ਦੱਸਿਆ ਕਿ ਪ੍ਰਭਾਵਿਤ ਲੋਕਾਂ ਨੂੰ ਭੋਜਨ ਅਤੇ ਆਸਰਾ ਦੇਣ ਲਈ ਜ਼ਿਲ੍ਹਿਆਂ ਵਿਚ ਤਿੰਨ ਰਾਹਤ ਕੈਂਪ ਖੋਲ੍ਹੇ ਗਏ ਹਨ। ਐੱਸਆਰਸੀ ਨੇ ਮਲਕਾਨਗਿਰੀ ਜ਼ਿਲ੍ਹਾ ਮੈਜਿਸਟਰੇਟ ਨੂੰ ਪਾਣੀ ਦੇ ਘੱਟਣ ਤੱਕ ਪਾਣੀ ਵਿਚ ਡੁੱਬੀਆਂ ਸੜਕਾਂ ਅਤੇ ਪੁਲਾਂ 'ਤੇ ਵਾਹਨਾਂ ਦੀ ਆਵਾਜਾਈ 'ਤੇ ਪਾਬੰਦੀ ਲਗਾਉਣ ਲਈ ਕਿਹਾ ਹੈ।

## ਹਿੰਸਾ ਪ੍ਰਭਾਵਿਤ ਬੰਗਲਾਦੇਸ਼ 'ਚੋਂ 4500 ਤੋਂ ਵਧੇਰੇ ਭਾਰਤੀ ਵਿਦਿਆਰਥੀ ਪਰਤੇ ਦੇਸ਼



ਬੰਗਲਾਦੇਸ਼ ਵਿਚ ਹਿੰਸਕ ਝੜਪਾਂ ਦੇ ਵਿਚਾਲੇ 4500 ਤੋਂ ਵਧੇਰੇ ਭਾਰਤੀ ਵਿਦਿਆਰਥੀ ਸਵਦੇਸ਼ ਪਰਤ ਆਏ ਹਨ। ਇਨ੍ਹਾਂ ਝੜਪਾਂ ਵਿਚ 100 ਤੋਂ ਵਧੇਰੇ ਲੋਕ ਮਾਰੇ ਗਏ ਹਨ। ਵਿਦੇਸ਼ ਮੰਤਰਾਲਾ ਨੇ ਐਤਵਾਰ ਨੂੰ ਕਿਹਾ ਕਿ ਨੇਪਾਲ ਦੇ 500, ਭੂਟਾਨ ਦੇ 38 ਤੇ ਮਾਲਦੀਵ ਦਾ ਇਕ ਵਿਦਿਆਰਥੀ ਵੀ ਭਾਰਤ ਪਹੁੰਚੇ ਹਨ। ਮੰਤਰਾਲਾ ਨੇ ਕਿਹਾ ਕਿ ਬੰਗਲਾਦੇਸ਼ ਵਿਚ ਭਾਰਤੀ ਹਾਈਕਮਿਸ਼ਨ ਭਾਰਤੀ ਨਾਗਰਿਕਾਂ ਦੀ ਸੁਰੱਖਿਆ ਦੇ ਲਈ ਸਥਾਨਕ ਅਧਿਕਾਰੀਆਂ ਦੇ ਨਾਲ ਲਗਾਤਾਰ ਸੰਪਰਕ ਵਿਚ ਹੈ। ਵਿਦੇਸ਼ ਮੰਤਰਾਲਾ ਨੇ ਕਿਹਾ ਕਿ ਹੁਣ ਤਕ 4500 ਤੋਂ ਵਧੇਰੇ ਵਿਦਿਆਰਥੀ ਵਾਪਸ ਪਰਤੇ ਹਨ। ਹਾਈਕਮਿਸ਼ਨ ਭਾਰਤੀ ਨਾਗਰਿਕਾਂ ਦੇ ਸਰਹੱਦ ਵਿਚ ਦਾਖਲ ਹੋਣ ਵਾਲੀ ਥਾਂ ਤਕ ਸੁਰੱਖਿਅਤ ਯਾਤਰਾ ਦੀ ਵਿਵਸਥਾ ਕਰ ਰਿਹਾ ਹੈ। ਮੰਤਰਾਲਾ ਨੇ ਕਿਹਾ ਕਿ ਢਾਕਾ ਵਿਚ ਭਾਰਤੀ ਹਾਈਕਮਿਸ਼ਨ ਤੇ ਚਟਗਾਂਵ, ਰਾਜਸ਼ਾਹੀ, ਸਿਲਹਟ ਤੇ ਖਲਨਾ ਵਿਚ ਸਹਾਇਕ ਹਾਈਕਮਿਸ਼ਨ ਭਾਰਤੀ ਨਾਗਰਿਕਾਂ ਦੀ ਸਵਦੇਸ਼ ਵਾਪਸੀ ਵਿਚ ਸਹਾਇਤਾ ਕਰ ਰਹੇ ਹਨ। ਮੰਤਰਾਲਾ ਨੇ ਬਿਆਨ ਵਿਚ ਕਿਹਾ ਕਿ ਵਿਦੇਸ਼ ਮੰਤਰਾਲਾ ਭਾਰਤੀ ਨਾਗਰਿਕਾਂ ਦੇ ਲਈ ਬੰਦਰਗਾਹਾਂ ਤੇ ਹਵਾਈ ਅੱਡਿਆਂ 'ਤੇ ਸੁਚਾਰੂ ਮਾਰਗ ਪੁਖਤਾ ਕਰਨ ਦੇ ਲਈ ਸਬੰਧਿਤ ਭਾਰਤੀ ਅਧਿਕਾਰੀਆਂ ਦੇ ਨਾਲ ਤਾਲਮੇਲ ਕਰ ਰਿਹਾ ਹੈ। ਵਿਦੇਸ਼ ਮੰਤਰਾਲਾ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਸ਼ੁੱਕਰਵਾਰ ਨੂੰ ਕਿਹਾ ਸੀ ਕਿ ਬੰਗਲਾਦੇਸ਼ ਵਿਚ ਤਕਰੀਬਨ 15000 ਭਾਰਤੀ ਨਾਗਰਿਕ ਹਨ, ਜਿਸ ਵਿਚ 8500 ਵਿਦਿਆਰਥੀ ਹਨ। ਬੰਗਲਾਦੇਸ਼ ਵਿਚ ਹਿੰਸਕ ਝੜਪਾਂ ਜਾਰੀ ਹਨ। ਪ੍ਰਦਰਸ਼ਨਕਾਰੀ ਵਿਦਿਆਰਥੀ ਮੰਗ ਕਰ ਰਹੇ ਹਨ ਕਿ ਸ਼ੇਖ ਹਸੀਨਾ ਦੀ ਅਗਵਾਈ ਵਾਲੀ ਸਰਕਾਰ ਵਿਵਾਦਿਤ ਨੌਕਰੀ ਕੋਟਾ ਪ੍ਰਣਾਲੀ ਨੂੰ ਖਤਮ ਕਰੇ।

## ਹੁਣ ਸਰਕਾਰੀ ਮੁਲਾਜ਼ਮ ਵੀ RSS ਦੇ ਪ੍ਰੋਗਰਾਮਾਂ 'ਚ ਹੋਣਗੇ ਸ਼ਾਮਲ, 58 ਸਾਲ ਪੁਰਾਣਾ ਫ਼ੈਸਲਾ ਪਲਟਿਆ



ਕਾਂਗਰਸ ਨੇ ਕਿਹਾ ਹੈ ਕਿ ਰਾਸ਼ਟਰੀ ਸਵੈਮ ਸੇਵਕ ਸੰਘ-ਆਰਐੱਸਐੱਸ ਦੀਆਂ ਸ਼ਾਖਾਵਾਂ ਵਿਚ ਸਰਕਾਰੀ ਮੁਲਾਜ਼ਮਾਂ ਦੇ ਸ਼ਾਮਲ ਹੋਣ 'ਤੇ ਪਾਬੰਦੀ ਸਹੀ ਸੀ, ਪਰ ਹੁਣ ਇਸ ਨੂੰ ਹਟਾ ਦਿੱਤਾ ਗਿਆ ਹੈ। ਕਾਂਗਰਸ ਦੇ ਸੰਚਾਰ ਵਿਭਾਗ ਦੇ ਇੰਚਾਰਜ ਜੈਰਾਮ ਰਮੇਸ਼ ਨੇ ਕਿਹਾ, ''ਫਰਵਰੀ 1948 ਵਿਚ ਗਾਂਧੀ ਜੀ ਦੀ ਹੱਤਿਆ ਤੋਂ ਬਾਅਦ ਸਰਦਾਰ ਵੱਲਭਭਾਈ ਪਟੇਲ ਨੇ ਆਰਐੱਸਐੱਸ 'ਤੇ ਪਾਬੰਦੀ ਲਗਾ ਦਿੱਤੀ ਸੀ, ਪਰ ਚੰਗੇ ਆਚਰਣ ਦੇ ਭਰੋਸੇ 'ਤੇ ਪਾਬੰਦੀ ਹਟਾ ਦਿੱਤੀ ਗਈ ਸੀ। ਇਸ ਤੋਂ ਬਾਅਦ ਵੀ ਆਰਐੱਸਐੱਸ ਨੇ ਨਾਗਪੁਰ ਵਿਚ ਕਦੇ ਤਿਰੰਗਾ ਨਹੀਂ ਲਹਿਰਾਇਆ।ਉਨ੍ਹਾਂ ਕਿਹਾ, '1966 ਵਿਚ ਸਰਕਾਰੀ ਮੁਲਾਜ਼ਮਾਂ 'ਤੇ ਆਰਐੱਸਐੱਸ ਦੀਆਂ ਗਤੀਵਿਧੀਆਂ ਵਿਚ ਹਿੱਸਾ ਲੈਣ 'ਤੇ ਪਾਬੰਦੀ ਲਗਾਈ ਗਈ ਸੀ ਅਤੇ ਇਹ ਸਹੀ ਵੀ ਸੀ। ਇਸ ਸਾਲ 4 ਜੂਨ ਤੋਂ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਆਰਐੱਸਐੱਸ ਦੇ ਸਬੰਧਾਂ ਵਿਚ ਗਿਰਾਵਟ ਆਈ ਹੈ, ਜਦੋਂਕਿ 09 ਜੁਲਾਈ ਨੂੰ 58 ਸਾਲਾਂ ਬਾਅਦ ਪਾਬੰਦੀ ਹਟਾ ਦਿੱਤੀ ਗਈ ਸੀ ਜੋ ਅਟਲ ਬਿਹਾਰੀ ਵਾਜਪਾਈ ਦੇ ਪ੍ਰਧਾਨ ਮੰਤਰੀ ਵਜੋਂ ਕਾਰਜਕਾਲ ਦੌਰਾਨ ਵੀ ਲਾਗੂ ਸੀ। ਮੇਰਾ ਮੰਨਣਾ ਹੈ ਕਿ ਨੌਕਰਸ਼ਾਹੀ ਹੁਣ ਸ਼ਾਰਟਸ ਵਿਚ ਵੀ ਆ ਸਕਦੀ ਹੈ।ਵਰਣਨਯੋਗ ਹੈ ਕਿ ਸਰਕਾਰ ਨੇ 9 ਜੁਲਾਈ ਨੂੰ ਇਕ ਹੁਕਮ ਰਾਹੀਂ ਆਰਐੱਸਐੱਸ ਦੀਆਂ ਗਤੀਵਿਧੀਆਂ ਵਿਚ ਹਿੱਸਾ ਲੈਣ ਵਾਲੇ ਸਰਕਾਰੀ ਮੁਲਾਜ਼ਮਾਂ ਤੋਂ ਪਾਬੰਦੀ ਹਟਾ ਦਿੱਤੀ ਹੈ। ਇਹ ਹੁਕਮ ਕੇਂਦਰ ਸਰਕਾਰ ਵੱਲੋਂ ਜਾਰੀ 1966, 1970 ਅਤੇ 1980 ਦੇ ਹੁਕਮਾਂ ਵਿਚ ਸੋਧ ਕਰਦਾ ਹੈ,

# ਮੱਥਾ ਟੇਕ ਕੇ ਪਰਤ ਰਹੇ ਪਰਿਵਾਰ ਨਾਲ ਵਾਪਰ ਗਿਆ ਭਾਣਾ




ਮੋਟਰਸਾਈਕਲ ’ਤੇ ਮੱਥਾ ਟੇਕ ਕੇ ਵਾਪਸ ਆ ਰਹੇ ਇਕ ਪਰਿਵਾਰ ਨੂੰ ਅਣਪਛਾਤੇ ਟਰਾਲਾ ਚਾਲਕ ਨੇ ਫੇਟ ਮਾਰ ਦਿੱਤੀ, ਜਿਸ ਨਾਲ ਇਕ ਔਰਤ ਦੀ ਮੌਕੇ ’ਤੇ ਹੀ ਮੌਤ ਹੋ ਗਈ। ਥਾਣਾ ਸਾਹਨੇਵਾਲ ਦੀ ਪੁਲਸ ਕੋਲ ਦਿੱਤੇ ਗਏ ਬਿਆਨਾਂ ’ਚ ਵਿਸ਼ਾਲ ਪੁੱਤਰ ਬਲਦੇਵ ਰਾਜ ਵਾਸੀ ਗਲੀ ਨੰ. 7 ਸੰਤ ਨਗਰ ਜਲੰਧਰ ਨੇ ਦੱਸਿਆ ਕਿ ਉਹ ਪਟਿਆਲਾ ਵਿਖੇ ਕਾਲੀ ਮਾਤਾ ਮੰਦਰ ’ਚ ਮੱਥਾ ਟੇਕ ਕੇ ਜਲੰਧਰ ਵਾਪਸ ਆ ਰਹੇ ਸਨ।ਉਸ ਨੇ ਅੱਗੇ ਦੱਸਿਆ ਕਿ ਜਦੋਂ ਉਹ ਜੀ. ਟੀ. ਰੋਡ ’ਤੇ ਪਾਠਕ ਮਸ਼ੀਨ ਫੈਕਟਰੀ ਸਾਹਨੇਵਾਲ ਦੇ ਸਾਹਮਣੇ ਪਹੁੰਚੇ ਤਾਂ ਪਿੱਛੋਂ ਆ ਰਹੇ ਇਕ ਤੇਜ਼ ਰਫ਼ਤਾਰ ਟਰਾਲਾ ਚਾਲਕ ਨੇ ਲਾਪ੍ਰਵਾਹੀ ਨਾਲ ਚਲਾਉਂਦੇ ਹੋਏ ਸਾਨੂੰ ਫੇਟ ਮਾਰ ਦਿੱਤੀ। ਇਸ ਦੌਰਾਨ ਟਰੱਕ ਦਾ ਟਾਇਰ ਮੇਰੀ ਪਤਨੀ ਮੀਨਾਕਸ਼ੀ ਦੇ ਸਿਰ ਉੱਪਰੋਂ ਦੀ ਲੰਘ ਗਿਆ, ਜਿਸ ਨਾਲ ਉਸ ਦੀ ਮੌਤ ਹੋ ਗਈ। ਥਾਣਾ ਸਾਹਨੇਵਾਲ ਪੁਲਸ ਨੇ ਅਣਪਛਾਤੇ ਟਰੱਕ ਚਾਲਕ ਖ਼ਿਲਾਫ਼ ਕੇਸ ਦਰਜ ਕਰ ਕੇ ਭਾਲ ਸ਼ੁਰੂ ਕਰ ਦਿੱਤੀ।

# ਟਰੈਫਿਕ ਪੁਲਸ ਦੀ ਸਖ਼ਤੀ, ਰੇਹੜੀ ਵਾਲਿਆਂ ਨੂੰ ਜਾਰੀ ਕਰ ਦਿੱਤੇ ਨੋਟਿਸ




ਸੜਕਾਂ 'ਤੇ ਰੇਹੜੀਆਂ ਲਾ ਕੇ ਟਰੈਫਿਕ ਜਾਮ ਕਰਨ ਵਾਲੇ ਰੇਹੜੀ-ਫੜ੍ਹੀ ਵਾਲਿਆਂ ਖ਼ਿਲਾਫ਼ ਮੁੜ ਸਖ਼ਤ ਕਾਰਵਾਈ ਕੀਤੀ ਗਈ ਹੈ। ਬੀਤੇ ਦਿਨ ਬਸਤੀ ਅੱਡਾ ਤੋਂ ਸ਼੍ਰੀ ਰਾਮ ਚੌਕ (ਕੰਪਨੀ ਬਾਗ ਚੌਕ) ਤੱਕ ਟਰੈਫਿਕ ਪੁਲਸ ਨੇ ਪੂਰੀ ਸਖ਼ਤੀ ਵਿਖਾਈ। ਸਬ-ਇੰਸਪੈਕਟਰ ਅਤੇ ਜ਼ੋਨ ਇੰਚਾਰਜ ਸਤਨਾਮ ਸਿੰਘ, ਏ. ਐੱਸ. ਆਈ. ਲਖਵੀਰ ਸਿੰਘ, ਏ. ਐੱਸ. ਆਈ. ਜਗਰੂਪ ਸਿੰਘ, ਹੈੱਡ ਕਾਂਸਟੇਬਲ ਸੁਰਿੰਦਰ ਸਿੰਘ ਨੇ ਪੁਲਸ ਟੀਮ ਨਾਲ ਨਾਜਾਇਜ਼ ਤੌਰ ’ਤੇ ਰੇਹੜੀਆਂ ਲਾਉਣ ਵਾਲਿਆਂ ਨੂੰ ਧਾਰਾ 144 ਦੇ ਚਿਤਾਵਨੀ ਨੋਟਿਸ ਜਾਰੀ ਕੀਤੇ। ਉਕਤ ਨੋਟਿਸ ਕਈ ਰੇਹੜੀਆਂ ਵਾਲਿਆਂ ਨੂੰ ਦਿੱਤੇ ਗਏ ਪਰ ਇਸ ਦੌਰਾਨ ਰੇਹੜੀ ਵਾਲਿਆਂ ਨੇ ਪੁਲਸ ਨੂੰ ਪ੍ਰਭਾਵਸ਼ਾਲੀ ਲੋਕਾਂ ਨਾਲ ਫੋਨ 'ਤੇ ਗੱਲ ਕਰਵਾਉਣ ਦੀ ਕੋਸ਼ਿਸ਼ ਕੀਤੀ ਪਰ ਪੁਲਸ ਨੇ ਕਿਸੇ ਨਾਲ ਵੀ ਗੱਲ ਕਰਨ ਤੋਂ ਸਾਫ਼ ਇਨਕਾਰ ਕਰ ਦਿੱਤਾ ਅਤੇ ਆਪਣਾ ਕੰਮ ਕੀਤਾ। ਦੱਸਣਯੋਗ ਹੈ ਕਿ ਉਕਤ ਸੜਕ ਸਿਵਲ ਹਸਪਤਾਲ ਵੱਲ ਆਉਂਦੀ ਹੈ। ਦੁਕਾਨਦਾਰਾਂ ਵੱਲੋਂ ਦੋਪਹੀਆ ਵਾਹਨਾਂ ਅਤੇ ਕਾਰਾਂ ਸਮੇਤ ਗਾਹਕਾਂ ਦੇ ਵਾਹਨਾਂ ਕਾਰਨ ਸੜਕ ’ਤੇ ਜਾਮ ਲੱਗਦਾ ਸੀ।ਕਈ ਵਾਰ ਟਰੈਫਿਕ ਜਾਮ ਕਾਰਨ ਐਂਬੂਲੈਂਸਾਂ ਵੀ ਫਸ ਜਾਂਦੀਆਂ ਹਨ, ਜਿਸ ਕਾਰਨ ਗੰਭੀਰ ਮਰੀਜ਼ ਦੀ ਜਾਨ ਵੀ ਖ਼ਤਰੇ ’ਚ ਪੈ ਸਕਦੀ ਹੈ। ਇੰਚਾਰਜ ਸਤਨਾਮ ਸਿੰਘ ਨੇ ਦੱਸਿਆ ਕਿ ਸੜਕ ’ਤੇ ਨਾਜਾਇਜ਼ ਪਾਰਕਿੰਗ ਕਰਨ ਵਾਲੇ ਵਾਹਨ ਚਾਲਕਾਂ ਨੂੰ ਦੋ ਵਾਰ ਧਾਰਾ 144 ਦਾ ਨੋਟਿਸ ਦਿੱਤਾ ਜਾਵੇਗਾ। ਇਸ ਤੋਂ ਬਾਅਦ ਵੀ ਜੇਕਰ ਉਕਤ ਰੇਹੜੀ ਚਾਲਕ ਆਪਣੀ ਕਾਰਵਾਈ ਤੋਂ ਗੁਰੇਜ਼ ਨਹੀਂ ਕਰਦਾ ਤਾਂ ਉਸ ਵਿਰੁੱਧ ਸਬੰਧਤ ਥਾਣੇ ’ਚ ਧਾਰਾ 188 ਤਹਿਤ ਕੇਸ ਦਰਜ ਕੀਤਾ ਜਾਵੇਗਾ।

# ਬਸ ਮਿਲਣ ਵਾਲੀ ਹੈ ਗਰਮੀ ਤੋਂ ਰਾਹਤ, ਮੌਸਮ ਵਿਭਾਗ ਨੇ ਜਾਰੀ ਕਰਤੀ ਭਾਰੀ ਮੀਂਹ ਦੀ ਚਿਤਾਵਨੀ



ਮਾਨਸੂਨ ਦੌਰਾਨ ਕਈ ਸੂਬਿਆਂ ’ਚ ਮੀਂਹ ਦਾ ਪੂਰਾ ਰੰਗ ਅਜੇ ਤਕ ਦੇਖਣ ਨੂੰ ਨਹੀਂ ਮਿਲ ਸਕਿਆ ਹੈ, ਜਿਸ ਕਾਰਨ ਗਰਮੀ ਹਾਲ ਬੇਹਾਲ ਕਰ ਰਹੀ ਹੈ। ਪਰ ਆਉਣ ਵਾਲੇ ਦਿਨਾਂ ’ਚ ਭਾਰੀ ਮੀਂਹ ਪੈਣ ਦੀ ਸੰਭਾਵਨਾ ਬਣੀ ਹੋਈ ਹੈ, ਜਿਸ ਕਾਰਨ ਲੋਕਾਂ ਨੂੰ ਗਰਮੀ ਤੋਂ ਥੋੜ੍ਹੀ ਰਾਹਤ ਮਿਲਣ ਦੀ ਆਸ ਹੈ। ਮੌਸਮ ਵਿਗਿਆਨ ਵਿਭਾਗ ਵੱਲੋਂ ਉੱਤਰ ਭਾਰਤ ਦੇ ਕਈ ਸੂਬਿਆਂ ’ਚ ਯੈਲੋ ਅਲਰਟ ਜਾਰੀ ਕੀਤਾ ਗਿਆ ਹੈ। ਉਥੇ ਹੀ ਉੱਤਰਾਖੰਡ ’ਚ ਅਗਲੇ 5 ਦਿਨਾਂ ਲਈ ਚਿਤਾਵਨੀ ਜਾਰੀ ਕੀਤੀ ਗਈ ਹੈ, 22 ਜੁਲਾਈ ਨੂੰ ਰੈੱਡ ਅਲਰਟ ਰਹੇਗਾ ਜਦਕਿ 25 ਜੁਲਾਈ ਤਕ ਓਰੇਂਜ ਅਲਰਟ ਦੱਸਿਆ ਗਿਆ ਹੈ। ਪੰਜਾਬ, ਹਰਿਆਣਾ, ਚੰਡੀਗੜ੍ਹ ਤੇ ਦਿੱਲੀ ’ਚ 23 ਜੁਲਾਈ ਤਕ ਯੈਲੋ ਅਲਰਟ ਰਹੇਗਾ। ਹਿਮਾਚਲ ’ਚ 22-23 ਜੁਲਾਈ ਨੂੰ ਓਰੇਂਜ ਜਦਕਿ 24-25 ਜੁਲਾਈ ਨੂੰ ਯੈਲੋ ਅਲਰਟ ਦੱਸਿਆ ਗਿਆ ਹੈ।ਜੰਮੂ-ਕਸ਼ਮੀਰ ਤੇ ਲੱਦਾਖ ’ਚ 23-24, ਰਾਜਸਥਾਨ ’ਚ 22 ਤੋਂ 25 ਜੁਲਾਈ ਤਕ ਯੈਲੋ ਅਲਰਟ ’ਚ ਭਾਰੀ ਮੀਂਹ ਦਾ ਅੰਦਾਜ਼ਾ ਰਹਿਣ ਵਾਲਾ ਹੈ। ਯੂ.ਪੀ. ’ਚ 25 ਜੁਲਾਈ ਤਕ ਮੀਂਹ ਦੇ ਨਾਲ ਤੂਫਾਨ ਬਾਰੇ ਚਿਤਾਵਨੀ ਜਾਰੀ ਹੋਈ ਹੈ। ਅਲਰਟ ਦੇ ਇਸ ਪੂਰੇ ਸਮੇਂ ’ਚ ਲੋਕਾਂ ਨੂੰ ਸਾਵਧਾਨ ਕੀਤਾ ਗਿਆ ਹੈ ਤੇ ਯਾਤਰਾ ’ਤੇ ਜਾਣ ਵਾਲਿਆਂ ਨੂੰ ਖਾਸ ਤੌਰ 'ਤੇ ਸਾਵਧਾਨੀਆਂ ਵਰਤਣ ਦੇ ਨਿਰਦੇਸ਼ ਦਿੱਤੇ ਗਏ ਹਨ।

# ਸ਼ੰਭੂ ਬਾਰਡਰ ਖੋਲ੍ਹਿਆ ਜਾਵੇਗਾ ਜਾਂ ਨਹੀਂ ? ਸੁਪਰੀਮ ਕੋਰਟ ‘ਚ ਅੱਜ ਹੋਵੇਗੀ ਸੁਣਵਾਈ




ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਪਿਛਲੇ ਹਫ਼ਤੇ ਹਰਿਆਣਾ ਸਰਕਾਰ ਨੂੰ ਸ਼ੰਭੂ ਬਾਰਡਰ ਨੂੰ ਇੱਕ ਹਫ਼ਤੇ ਵਿੱਚ ਖੋਲ੍ਹਣ ਦੇ ਹੁਕਮ ਦਿੱਤੇ ਸਨ। ਜਿਸ ਤੋਂ ਬਾਅਦ ਹਰਿਆਣਾ ਸਰਕਾਰ ਨੇ ਹਾਈ ਕੋਰਟ ਦੇ ਸ਼ੰਭੂ ਬਾਰਡਰ ਨੂੰ ਖੋਲ੍ਹਣ ਦੇ ਫ਼ੈਸਲੇ ਨੂੰ ਚੁਣੌਤੀ ਦਿੰਦਿਆਂ ਸੁਪਰੀਮ ਕੋਰਟ ਦਾ ਰੁਖ ਕੀਤਾ ਹੈ। ਹੁਣ ਇਸ ਮਾਮਲੇ ‘ਤੇ ਅੱਜ 22 ਜੁਲਾਈ ਨੂੰ ਸੁਣਵਾਈ ਹੋਵੇਗੀ। ਸ਼ੰਭੂ ਸਰਹੱਦ ਖੋਲ੍ਹਣ ਦੇ ਮਾਮਲੇ ਵਿੱਚ ਪਟੀਸ਼ਨਰ ਵਕੀਲ ਵਾਸੂ ਰੰਜਨ ਸ਼ਾਂਡਿਲਿਆ ਨੇ ਕਿਹਾ ਕਿ ਹਰਿਆਣਾ ਸਰਕਾਰ ਨੇ ਹਾਈ ਕੋਰਟ ਦੇ ਬਾਰਡਰ ਖੋਲ੍ਹਣ ਦੇ ਹੁਕਮ ਨੂੰ ਚੁਣੌਤੀ ਦਿੱਤੀ ਹੈ, ਉਹ ਇਸ ਦਾ ਵਿਰੋਧ ਕਰਨਗੇ ਕਿਉਂਕਿ ਸ਼ੰਭੂ ਬਾਰਡਰ ਬੰਦ ਹੋਣ ਕਾਰਨ ਆਮ ਲੋਕਾਂ ਨੂੰ ਭਾਰੀ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਬਾਰਡਰ ਬੰਦ ਹੋਣ ਕਾਰਨ ਅੰਬਾਲਾ ਦੇ ਛੋਟੇ-ਵੱਡੇ ਵਪਾਰੀਆਂ, ਰੇਹੜੀ-ਫੜ੍ਹੀ ਵਾਲਿਆਂ ਅਤੇ ਹੋਰ ਗਰੀਬ ਲੋਕਾਂ ਨੂੰ ਨੁਕਸਾਨ ਝੱਲਣਾ ਪੈ ਰਿਹਾ ਹੈ।
ਸ਼ਾਂਡਿਲਿਆ ਨੇ ਕਿਹਾ ਕਿ ਸੁਪਰੀਮ ਕੋਰਟ ‘ਚ ਜਸਟਿਸ ਸੂਰਿਆ ਕਾਂਤ ਅਤੇ ਜਸਟਿਸ ਉਜਲ ਭੂਯਾਨ ਦੀ ਡਿਵੀਜ਼ਨ ਬੈਂਚ 22 ਜੁਲਾਈ ਨੂੰ ਇਸ ਮਾਮਲੇ ਦੀ ਸੁਣਵਾਈ ਕਰੇਗੀ। ਇਸ ਤੋਂ ਪਹਿਲਾਂ ਵੀ ਸੁਪਰੀਮ ਕੋਰਟ ,ਹਰਿਆਣਾ ਸਰਕਾਰ ਨੂੰ ਬਾਰਡਰ ਬੰਦ ਕਰਨ ਨੂੰ ਲੈ ਕੇ ਫਟਕਾਰ ਲਗਾ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਉਹ ਸੁਪਰੀਮ ਕੋਰਟ ਦੀ ਡਿਵੀਜ਼ਨ ਬੈਂਚ ਤੋਂ ਮੰਗ ਕਰਨਗੇ ਕਿ ਸ਼ੰਭੂ ਸਰਹੱਦ ਨੂੰ ਜਨਹਿੱਤ ਵਿੱਚ ਖੋਲ੍ਹਣ ਦੇ ਹੁਕਮ ਦਿੱਤੇ ਜਾਣ।ਵਕੀਲ ਵਾਸੂ ਰੰਜਨ ਸ਼ਾਂਡਿਲਿਆ ਨੇ ਕਿਹਾ ਕਿ ਬਹਿਸ ਦੌਰਾਨ ਉਹ ਕੌਮੀ ਮਾਰਗ ਜਾਮ ਕਰਨ ਵਾਲਿਆਂ ਖ਼ਿਲਾਫ਼ ਸਖ਼ਤ ਦਿਸ਼ਾ-ਨਿਰਦੇਸ਼ ਬਣਾਉਣ ਦੀ ਮੰਗ ਵੀ ਕਰਨਗੇ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਉਮੀਦ ਹੈ ਕਿ ਸੁਪਰੀਮ ਕੋਰਟ ,ਹਰਿਆਣਾ ਸਰਕਾਰ ਵੱਲੋਂ ਚੁਣੌਤੀ ਦਿੱਤੇ ਹਾਈ ਕੋਰਟ ਦੇ ਹੁਕਮਾਂ ‘ਤੇ ਆਪਣੀ ਮੋਹਰ ਲਗਾਉਂਦੇ ਹੋਏ ਸ਼ੰਭੂ ਬਾਰਡਰ ਖੋਲ੍ਹਣ ਦਾ ਹੁਕਮ ਦੇਵੇਗੀ।
ਦੱਸ ਦਈਏ ਕਿ ਸ਼ੰਭੂ ਬਾਰਡਰ ਪਿਛਲੇ 5 ਮਹੀਨਿਆਂ ਤੋਂ ਬੰਦ ਹੈ। ਕਿਸਾਨ ਲੋਕ ਸਭਾ ਚੋਣਾਂ ਤੋਂ ਪਹਿਲਾਂ ਦਿੱਲੀ ਵੱਲ ਕੂਚ ਕਰਨਾ ਚਾਹੁੰਦੇ ਸਨ ਪਰ ਪੰਜਾਬ ਦੇ ਇਨ੍ਹਾਂ ਕਿਸਾਨਾਂ ਨੂੰ ਰੋਕਣ ਲਈ ਹਰਿਆਣਾ ਪੁਲਿਸ ਨੇ ਇੱਥੇ 7 ਲੇਅਰ ਬੈਰੀਕੇਡਿੰਗ ਕੀਤੀ ਹੋਈ ਸੀ। ਉਥੇ ਹੀ ਸ਼ੰਭੂ ਬਾਰਡਰ ਬੰਦ ਹੋਣ ਕਾਰਨ ਪੰਜਾਬ ਅਤੇ ਹਰਿਆਣਾ ਦਾ ਸਿੱਧਾ ਸੰਪਰਕ ਟੁੱਟ ਗਿਆ ਸੀ। ਅੰਬਾਲਾ ਦੇ ਵਪਾਰੀਆਂ ਨੇ ਵੀ ਸ਼ੰਭੂ ਬਾਰਡਰ ਖੋਲ੍ਹਣ ਦੀ ਮੰਗ ਨੂੰ ਲੈ ਕੇ ਬੀਤੇ ਦਿਨੀਂ ਆਪਣੀਆਂ ਦੁਕਾਨਾਂ ਬੰਦ ਕਰਕੇ ਆਪਣਾ ਗੁੱਸਾ ਜ਼ਾਹਿਰ ਕੀਤਾ ਸੀ।

# ਹਾਦਸੇ ਨੇ ਉਜਾੜ ਦਿੱਤੀਆਂ ਪਰਿਵਾਰ ਦੀਆਂ ਖ਼ੁਸ਼ੀਆਂ



ਵੇਰਕਾ ਮਿਲਕ ਪਲਾਂਟ ਦੇ ਨੇੜੇ ਪੈਟਰੋਲ ਪੰਪ ਤੋਂ ਪੈਟਰੋਲ ਪੁਆ ਕੇ ਨਿਕਲੇ ਬਾਈਕ ਸਵਾਰ ਨੂੰ ਪਿੱਛੇ ਤੋਂ ਆਏ ਟਰਾਲੇ ਨੇ ਟੱਕਰ ਮਾਰ ਦਿੱਤੀ। ਟੱਕਰ ਤੋਂ ਬਾਅਦ ਬਾਈਕ ਚਾਲਕ ਦਾ ਸੰਤੁਲਨ ਵਿਗੜ ਗਿਆ, ਜਿਸ ਦਾ ਸਿਰ ਫੁੱਟਪਾਥ ਨਾਲ ਟਕਰਾ ਗਿਆ ਅਤੇ ਮੌਕੇ ’ਤੇ ਹੀ ਉਸ ਨੇ ਦਮ ਤੋੜ ਦਿੱਤਾ। ਮ੍ਰਿਤਕ ਦੀ ਉਮਰ ਸਿਰਫ਼ 24 ਸਾਲ ਸੀ। ਮ੍ਰਿਤਕ ਦੀ ਪਛਾਣ ਵੀਰੂ ਗੌਤਮ ਪੁੱਤਰ ਅਵਤਾਰ ਸਿੰਘ ਨਿਵਾਸੀ ਗੁਲਮੋਹਰ ਕਾਲੋਨੀ ਦੇ ਰੂਪ ’ਚ ਹੋਈ ਹੈ। ਪੁਲਸ ਦੀ ਮੰਨੀਏ ਤਾਂ ਵੀਰੂ ਵੇਰਕਾ ਮਿਲਕ ਪਲਾਂਟ ਸਥਿਤ ਪੈਟਰੋਲ ਪੰਪ ’ਚੋਂ ਪੈਟਰੋਲ ਪੁਆ ਕੇ ਜਿਵੇਂ ਹੀ ਹਾਈਵੇਅ ’ਤੇ ਆਇਆ ਤਾਂ ਪਿੱਛੋਂ ਆਏ ਤੇਜ਼ ਰਫ਼ਤਾਰ ਟਰਾਲੇ ਨੇ ਉਸ ਦੀ ਬਾਈਕ ਨੂੰ ਟੱਕਰ ਮਾਰ ਦਿੱਤੀ। ਬਾਈਕ ਦਾ ਸੰਤੁਲਨ ਵਿਗੜ ਗਿਆ ਤਾਂ ਉਹ ਫੁੱਟਪਾਥ ਨਾਲ ਜਾ ਟਕਰਾਇਆ। ਲੋਕਾਂ ਨੂੰ ਭੀੜ ਇਕੱਠਾ ਹੋਈ ਤਾਂ ਟਰਾਲਾ ਚਾਲਕ ਫਰਾਰ ਹੋ ਚੁੱਕਾ ਸੀ।ਰਾਹੀਗਰਾਂ ਨੇ ਤੁਰੰਤ ਪੁਲਸ ਨੂੰ ਸੂਚਨਾ ਦਿੱਤੀ, ਜਿਸ ਤੋਂ ਬਾਅਦ ਥਾਣਾ ਨੰ. 1 ਦੀ ਪੁਲਸ ਮੌਕੇ ’ਤੇ ਪਹੁੰਚ ਗਈ। ਪੁਲਸ ਨੇ ਮ੍ਰਿਤਕ ਦੇ ਘਰਵਾਲਿਆਂ ਨੂੰ ਸੂਚਨਾ ਦਿੱਤੀ। ਘਟਨਾ ਵਾਲੀ ਥਾਂ ’ਤੇ ਸੜਕ ਸੁਰੱਖਿਆ ਫੋਰਸ ਵੀ ਪਹੁੰਚ ਗਈ ਸੀ। ਪੁਲਸ ਨੇ ਮ੍ਰਿਤਕ ਦਾ ਬਾਈਕ ਸਾਈਡ ’ਤੇ ਕਰਵਾ ਕੇ ਲਾਸ਼ ਨੂੰ ਪੋਸਟਮਾਰਟਮ ਲਈ ਸਿਵਲ ਹਸਪਤਾਲ ’ਚ ਰੱਖਵਾ ਦਿੱਤਾ ਹੈ। ਪੁਲਸ ਦਾ ਕਹਿਣਾ ਹੈ ਕਿ ਘਟਨਾ ਵਾਲੀ ਥਾਂ ਦੇ ਆਲੇ-ਦੁਆਲੇ ਲੱਗੇ ਸੀ. ਸੀ. ਟੀ. ਵੀ. ਕੈਮਰੇ ਖੰਗਾਲੇ ਜਾ ਰਹੇ ਹਨ। ਜਲਦੀ ਹੀ ਟਰਾਲਾ ਚਾਲਕ ਦੀ ਪਛਾਣ ਕਰਕੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

# ਸ਼ਰਾਬ ਪੀ ਕੇ ਹੰਗਾਮਾ ਕਰਨ ਵਾਲੇ 2 ਵਿਦਿਆਰਥੀ ਕਾਬੂ



ਸ਼ਰਾਬ ਪੀ ਕੇ ਸੈਕਟਰ-14 ਸਥਿਤ ਨਾਈਟ ਫੂਡ ਸਟਰੀਟ ’ਤੇ ਹੰਗਾਮਾ ਕਰਨ ਵਾਲੇ ਦੋ ਵਿਦਿਆਰਥੀਆਂ ਨੂੰ ਪੁਲਸ ਨੇ ਕਾਬੂ ਕਰ ਲਿਆ। ਮੁਲਜ਼ਮਾਂ ਦੀ ਪਛਾਣ ਮਨਪ੍ਰੀਤ ਸਿੰਘ ਤੇ ਜਤਿੰਦਰ ਸਿੰਘ ਵਾਸੀ ਸਿਰਸਾ ਵਜੋਂ ਹੋਈ ਹੈ। ਸੈਕਟਰ-11 ਥਾਣਾ ਪੁਲਸ ਨੇ ਦੋਵਾਂ ਵਿਦਿਆਰਥੀਆਂ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਹੈ। ਸੈਕਟਰ-11 ਥਾਣਾ ਇੰਚਾਰਜ ਜੈਵੀਰ ਰਾਣਾ ਦੀ ਅਗਵਾਈ ਹੇਠ ਟੀਮ ਗਸ਼ਤ ਕਰਦਿਆਂ ਸੈਕਟਰ-14 ਸਥਿਤ ਨਾਈਟ ਫੂਡ ਸਟਰੀਟ ’ਤੇ ਪੁੱਜੀ ਤਾਂ ਦੋ ਵਿਦਿਆਰਥੀ ਹੰਗਾਮਾ ਕਰ ਰਹੇ ਸਨ। ਉਨ੍ਹਾਂ ਸ਼ਰਾਬ ਪੀਤੀ ਸੀ। ਪੁਲਸ ਨੇ ਦੋਹਾਂ ਦਾ ਮੈਡੀਕਲ ਕਰਵਾਇਆ। ਜਿੱਥੇ ਡਾਕਟਰਾਂ ਨੇ ਸ਼ਰਾਬ ਪੀਣ ਦੀ ਪੁਸ਼ਟੀ ਕਰ ਦਿੱਤੀ। ਸੈਕਟਰ-11 ਥਾਣਾ ਪੁਲਸ ਨੇ ਮਨਪ੍ਰੀਤ ਸਿੰਘ ਤੇ ਜਤਿੰਦਰ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਹੈ।

# ਵਿੱਕੀ ਕੌਸ਼ਲ ਨੇ 'ਬੈਡ ਨਿਊਜ਼' ਦੇਖ ਰਹੇ ਦਰਸ਼ਕਾਂ ਨੂੰ ਦਿੱਤਾ ਸਰਪ੍ਰਾਈਜ਼



ਬਾਲੀਵੁੱਡ ਅਦਾਕਾਰ ਵਿੱਕੀ ਕੌਸ਼ਲ, ਤ੍ਰਿਪਤੀ ਡਿਮਰੀ ਅਤੇ ਐਮੀ ਵਿਰਕ ਦੀ ਫ਼ਿਲਮ 'ਬੈਡ ਨਿਊਜ਼' 19 ਜੁਲਾਈ ਨੂੰ ਸਿਨੇਮਾਘਰਾਂ 'ਚ ਰਿਲੀਜ਼ ਹੋਈ ਹੈ। ਇਸ ਦੌਰਾਨ ਸ਼ਨੀਵਾਰ ਨੂੰ ਫ਼ਿਲਮ ਖ਼ਤਮ ਹੋਣ ਤੋਂ ਬਾਅਦ ਵਿੱਕੀ ਨੇ ਮੁੰਬਈ ਦੇ ਇੱਕ ਥੀਏਟਰ 'ਚ ਦਰਸ਼ਕਾਂ ਨੂੰ ਇੱਕ ਵੱਡਾ ਸਰਪ੍ਰਾਈਜ਼ ਦਿੱਤਾ। ਉਨ੍ਹਾਂ ਨੇ ਸੋਸ਼ਲ ਮੀਡੀਆ 'ਤੇ ਇੱਕ ਵੀਡੀਓ ਸ਼ੇਅਰ ਕੀਤੀ, ਜਿਸ 'ਚ ਉਨ੍ਹਾਂ ਨੇ ਸ਼ਹਿਰ 'ਚ ਭਾਰੀ ਬਾਰਿਸ਼ ਦੇ ਅਲਰਟ ਦੇ ਬਾਵਜੂਦ ਫ਼ਿਲਮ ਦੇਖਣ ਆਉਣ ਲਈ ਪ੍ਰਸ਼ੰਸਕਾਂ ਦਾ ਧੰਨਵਾਦ ਕੀਤਾ। ਦਰਸ਼ਕਾਂ ਨੇ ਵੀ ਵਿੱਕੀ ਦੀ ਫ਼ਿਲਮ ਦੀ ਖੂਬ ਤਾਰੀਫ਼ ਕੀਤੀ ਅਤੇ ਥੀਏਟਰ 'ਚ ਹੀ ਉਸ ਨਾਲ 'ਤੌਬਾ ਤੌਬਾ' ਗੀਤ ਗਾਇਆ।

### ਸੋਸ਼ਲ ਮੀਡੀਆ 'ਤੇ ਸ਼ੇਅਰ ਕੀਤੀ ਵੀਡੀਓ

ਵਿੱਕੀ ਕੌਸ਼ਲ ਨੇ ਹਾਲ ਹੀ 'ਚ ਆਪਣੇ ਇੰਸਟਾਗ੍ਰਾਮ ਹੈਂਡਲ 'ਤੇ ਥੀਏਟਰ ਦੀ ਵੀਡੀਓ ਸ਼ੇਅਰ ਕੀਤੀ ਹੈ, ਜਿਸ 'ਚ ਵੱਡੀ ਗਿਣਤੀ 'ਚ ਦਰਸ਼ਕ ਮੌਜੂਦ ਸਨ। ਵੀਡੀਓ ਸ਼ੇਅਰ ਕਰਦੇ ਹੋਏ ਉਨ੍ਹਾਂ ਨੇ ਕੈਪਸ਼ਨ 'ਚ ਲਿਖਿਆ, 'ਸ਼ਹਿਰ 'ਚ ਬਾਰਿਸ਼ ਕਾਰਨ ਅਲਰਟ ਜਾਰੀ ਹੋਣ ਦੇ ਬਾਵਜੂਦ ਤੁਸੀਂ ਲੋਕ ਆਏ ਅਤੇ ਸ਼ੋਅ ਨੂੰ ਹਾਊਸਫੁੱਲ ਕਰ ਦਿੱਤਾ। 'ਬੈਡ ਨਿਊਜ਼' ਦੀ ਟੀਮ ਲਈ ਇਸ ਵੀਕਐਂਡ ਨੂੰ ਖੁਸ਼ਹਾਲ ਬਣਾਉਣ ਲਈ ਤੁਹਾਡਾ ਧੰਨਵਾਦ। ਅਸੀਂ ਉਮੀਦ ਕਰਦੇ ਹਾਂ ਕਿ ਸਾਡੀ ਫ਼ਿਲਮ ਤੁਹਾਡੇ ਚਿਹਰੇ 'ਤੇ ਮੁਸਕਰਾਹਟ ਲਿਆਉਣ 'ਚ ਸਫ਼ਲ ਰਹੀ ਹੈ। ਬਸ ਤੁਹਾਡੇ ਸਾਰਿਆਂ ਦੇ ਪਿਆਰ ਲਈ ਧੰਨਵਾਦ, ਤੁਹਾਡਾ ਪਿਆਰ ਸੱਚਮੁੱਚ ਬਹੁਤ ਜ਼ਿਆਦਾ ਹੈ, ਤੁਹਾਡਾ ਬਹੁਤ-ਬਹੁਤ ਧੰਨਵਾਦ।'

### ਵਿੱਕੀ ਕੌਸ਼ਲ ਨੇ 'ਤੌਬਾ ਤੌਬਾ' ਪ੍ਰਸ਼ੰਸਕਾਂ ਨਾਲ ਗਾਇਆ

ਸ਼ੇਅਰ ਕੀਤੀ ਵੀਡੀਓ 'ਚ ਦੇਖਿਆ ਜਾ ਸਕਦਾ ਹੈ ਕਿ ਦਰਸ਼ਕ 'ਬੈਡ ਨਿਊਜ਼' ਦੇ ਗੀਤ 'ਤੌਬਾ ਤੌਬਾ' 'ਤੇ ਵਿੱਕੀ ਕੌਸ਼ਲ ਨਾਲ ਟਿਊਨ ਹੋ ਰਹੇ ਹਨ। ਇਸ ਤੋਂ ਇਲਾਵਾ ਉਨ੍ਹਾਂ ਨੇ ਦਰਸ਼ਕਾਂ ਦਾ ਧੰਨਵਾਦ ਕੀਤਾ ਅਤੇ ਉਨ੍ਹਾਂ ਨਾਲ ਕੁਝ ਤਸਵੀਰਾਂ ਲਈ ਪੋਜ਼ ਵੀ ਦਿੱਤੇ, ਜਿਸ ਤੋਂ ਬਾਅਦ ਵਿੱਕੀ ਨੇ ਕਿਹਾ ਕਿ ਫ਼ਿਲਮ ਨੂੰ ਇੰਨਾ ਪਿਆਰ ਦੇਣ ਲਈ ਤੁਹਾਡਾ ਸਾਰਿਆਂ ਦਾ ਧੰਨਵਾਦ, ਅਸੀਂ ਉਮੀਦ ਕਰਦੇ ਹਾਂ ਕਿ 'ਬੈਡ ਨਿਊਜ਼' ਤੁਹਾਡੇ ਚਿਹਰਿਆਂ 'ਤੇ ਮੁਸਕਰਾਹਟ ਲਿਆਉਣ 'ਚ ਸਫ਼ਲ ਹੋਈ ਹੈ।

### ਬੈਡ ਨਿਊਜ਼' ਵਿੱਕੀ ਕੌਸ਼ਲ ਦੀ ਸਭ ਤੋਂ ਵੱਡੀ ਓਪਨਰ

ਦੱਸ ਦੇਈਏ ਕਿ 'ਬੈਡ ਨਿਊਜ਼' ਵਿੱਕੀ ਕੌਸ਼ਲ ਦੀ ਸਭ ਤੋਂ ਵੱਡੀ ਓਪਨਰ ਹੈ। ਫ਼ਿਲਮ ਨੇ ਆਪਣੇ ਪਹਿਲੇ ਸ਼ਨੀਵਾਰ ਨੂੰ ਬਾਕਸ ਆਫਿਸ 'ਤੇ ਵੀ ਸ਼ਾਨਦਾਰ ਪ੍ਰਦਰਸ਼ਨ ਕੀਤਾ। ਰੋਮਾਂਟਿਕ-ਕਾਮੇਡੀ 'ਚ ਸ਼ਨੀਵਾਰ 20 ਜੁਲਾਈ ਨੂੰ 16 ਪ੍ਰਤੀਸ਼ਤ ਤੋਂ ਵੱਧ ਦਾ ਵਾਧਾ ਦੇਖਿਆ ਗਿਆ। ਫ਼ਿਲਮ ਨੇ ਸ਼ੁੱਕਰਵਾਰ 19 ਜੁਲਾਈ ਨੂੰ 8.3 ਕਰੋੜ ਰੁਪਏ ਦੀ ਕਮਾਈ ਕੀਤੀ। ਆਨੰਦ ਤਿਵਾਰੀ ਦੁਆਰਾ ਨਿਰਦੇਸ਼ਿਤ ਇਸ ਫ਼ਿਲਮ 'ਚ ਵਿੱਕੀ ਕੌਸ਼ਲ, ਤ੍ਰਿਪਤੀ ਡਿਮਰੀ, ਐਮੀ ਵਿਰਕ ਮੁੱਖ ਭੂਮਿਕਾਵਾਂ 'ਚ ਹਨ।

# ਰੌਕ ਸਟਾਰ DSP ਨਾਲ ਧਮਾਲ ਮਚਾਉਣਗੇ ਗਾਇਕ ਬੀ ਪਰਾਕ




ਬਹੁਮੁਖੀ ਗਾਇਕ ਬੀ ਪਰਾਕ ਆਪਣੇ ਪ੍ਰਸ਼ੰਸਕਾਂ ਲਈ ਕੁਝ ਖ਼ਾਸ ਲੈ ਕੇ ਆਉਣ ਜਾ ਰਹੇ ਹਨ। ਉਨ੍ਹਾਂ ਦੀਆਂ ਹਾਲ ਹੀ ਦੀਆਂ ਇੰਸਟਾਗ੍ਰਾਮ ਪੋਸਟਾਂ ਰੌਕਸਟਾਰ DSP ਨਾਲ ਹਨ, ਜਿਸ ਕਾਰਨ ਇਹ ਅੰਦਾਜ਼ਾਂ ਲਗਾਇਆ ਜਾ ਰਿਹਾ ਹੈ ਕਿ ਉਹ ਇਕੱਠੇ ਫੈਨਜ਼ ਲਈ ਕੁਝ ਧਮਾਕੇਦਾਰ ਲੈ ਕੇ ਆਉਣ ਵਾਲੇ ਹਨ। ਮੰਨਿਆ ਜਾ ਰਿਹਾ ਹੈ ਕਿ 'ਮਨ ਭਰਿਆ' ਗਾਇਕ ਇੱਕ ਵਾਰ ਫਿਰ ਤੋਂ ਸਾਊਥ ਫ਼ਿਲਮ ਇੰਡਸਟਰੀ 'ਚ ਆਪਣੇ ਪੈਰ ਜਮਾਉਣ ਦੀ ਤਿਆਰੀ ਕਰ ਰਿਹਾ ਹੈ ਪਰ ਇਸ ਵਾਰ ਇਕੱਲੇ ਨਹੀਂ ਸਗੋਂ ਰਾਸ਼ਟਰੀ ਪੁਰਸਕਾਰ ਜੇਤੂ ਸੰਗੀਤਕਾਰ ਦੇਵੀ ਸ਼੍ਰੀ ਪ੍ਰਸਾਦ ਉਰਫ ਰੌਕਸਟਾਰ DSP। ਜੀ ਹਾਂ ਖ਼ਬਰਾਂ ਮੁਤਾਬਕ ਦੋਵੇਂ ਇਕੱਠੇ ਕੰਮ ਕਰਨ ਜਾ ਰਹੇ ਹਨ।ਤਸਵੀਰ ਨੂੰ ਸ਼ੇਅਰ ਕਰਦੇ ਹੋਏ ਉਨ੍ਹਾਂ ਨੇ ਕੈਪਸ਼ਨ ਲਿਖਿਆ, 'ਤੁਹਾਡੇ ਨਾਲ ਕੰਮ ਕਰਨਾ ਹਮੇਸ਼ਾ ਬਹੁਤ ਵਧੀਆ ਰਿਹਾ ਸਰ, ਮੈਨੂੰ ਤੁਹਾਡੇ ਨਾਲ ਦੁਬਾਰਾ ਕੰਮ ਕਰਨ ਦਾ ਮੌਕਾ ਦੇਣ ਲਈ ਧੰਨਵਾਦ, ਸੁਪਰ ਗਾਣਾ, ਜਿਸ ਨੂੰ ਮੈਂ ਕਦੇ ਨਹੀਂ ਗੁਆਵਾਂਗਾ, ਲੋਕ ਮੇਰੀ ਆਵਾਜ਼ ਹਨ ਇੱਕ ਵੱਖਰਾ ਮਾਹੌਲ ਦੇਖਣ ਨੂੰ ਮਿਲੇਗਾ, ਇਹ ਸਭ ਤੁਹਾਡੇ ਕਰਕੇ ਹੈ, ਕੀ ਰਚਨਾ ਹੈ, ਕੀ ਸੰਗੀਤ ਹੈ ਅਤੇ ਤੁਸੀਂ ਕਿੰਨੇ ਵਧੀਆ ਇਨਸਾਨ ਹੋ ਸਰ, ਜਲਦੀ ਹੀ ਤੁਹਾਨੂੰ ਮਿਲਾਂਗੇ, ਅੱਗ ਜਲਦੀ ਆ ਰਹੀ ਹੈ।' ਇਸ ਤੋਂ ਪਹਿਲਾਂ ਬੀ ਪਰਾਕ ਅਤੇ DSP ਨੇ ਦੋ ਗੀਤਾਂ ਲਈ ਇਕੱਠੇ ਕੰਮ ਕੀਤਾ ਸੀ, ਜੋ ਉਸ ਸਾਲ ਚਾਰਟਬਸਟਰਾਂ 'ਚੋਂ ਇੱਕ ਵਜੋਂ ਉਭਰਿਆ ਸੀ ਅਤੇ ਹੁਣ ਇਨ੍ਹਾਂ ਦੋਵਾਂ ਮਸ਼ਹੂਰ ਹਸਤੀਆਂ ਦੇ ਸਹਿਯੋਗ ਦੀਆਂ ਖ਼ਬਰਾਂ ਨੇ ਪ੍ਰਸ਼ੰਸਕਾਂ ਨੂੰ ਤੂਫਾਨ ਲਿਆ ਹੈ।ਦੱਸ ਦੇਈਏ ਕਿ ਬੀ ਪਰਾਕ ਉਨ੍ਹਾਂ ਕਲਾਕਾਰਾਂ 'ਚੋਂ ਇੱਕ ਹੈ, ਜੋ ਆਪਣੀ ਵਿਧਾ ਦੇ ਨਾਲ-ਨਾਲ ਹੌਲੀ-ਹੌਲੀ ਸਫ਼ਲਤਾ ਵੱਲ ਵੱਧ ਰਿਹਾ ਹੈ। ਉਹ ਸੰਗੀਤਕਾਰਾਂ ਲਈ ਇੱਕ ਪਸੰਦ ਦਾ ਵਿਕਲਪ ਵਜੋਂ ਉੱਭਰ ਰਿਹਾ ਹੈ, ਇਸੇ ਕਰਕੇ ਉਸ ਨੂੰ ਪੈਨ ਇੰਡੀਆ ਕਲਾਕਾਰ ਕਿਹਾ ਜਾਂਦਾ ਹੈ। ਹਾਲ ਹੀ 'ਚ ਰਣਬੀਰ ਕਪੂਰ ਦੀ ਫ਼ਿਲਮ 'ਐਨੀਮਲ' ਦਾ ਉਸ ਦਾ ਗੀਤ 'ਸਾਰੀ ਦੁਨੀਆ ਜਲਾ ਦਿਆਂਗੇ' ਸਨਸਨੀ ਬਣਿਆ ਅਤੇ ਸਭ ਤੋਂ ਵੱਧ ਸੁਣਿਆ ਜਾਣ ਵਾਲਾ ਗੀਤ ਵੀ ਬਣਿਆ ਹੋਇਆ ਹੈ। 'ਸ਼ੇਰਸ਼ਾਹ' ਦਾ ਉਸ ਦਾ ਗੀਤ 'ਰਾਂਝਾ' 2021 'ਚ Spotify India 'ਤੇ ਦੂਜਾ ਸਭ ਤੋਂ ਵੱਧ ਸਟ੍ਰੀਮ ਕੀਤਾ ਗਿਆ ਗੀਤ ਬਣ ਗਿਆ। ਇਨ੍ਹਾਂ ਟਰੈਕਾਂ ਨੇ ਬੀ ਪਰਾਕ ਨੂੰ ਪ੍ਰਸ਼ੰਸਕਾਂ 'ਚ ਕਾਫ਼ੀ ਮਸ਼ਹੂਰ ਕੀਤਾ। ਹੁਣ ਪ੍ਰਸ਼ੰਸਕ ਉਸ ਦੀ ਆਉਣ ਵਾਲੀ ਐਲਬਮ ਅਤੇ ਗੀਤਾਂ ਦਾ ਬੇਸਬਰੀ ਨਾਲ ਇੰਤਜ਼ਾਰ ਕਰ ਰਹੇ ਹਨ। ਹੁਣ ਦੇਖਣਾ ਹੋਵੇਗਾ ਕਿ ਬੀ ਪਰਾਕ DSP ਨਾਲ ਕੀ ਧਮਾਕਾ ਕਰਨ ਜਾ ਰਿਹਾ ਹੈ।

# ਗਾਇਕ ਦਿਲਜੀਤ ਦੋਸਾਂਝ ਦਾ ਫੈਨਜ਼ ਨੂੰ ਵੱਡਾ ਸਰਪ੍ਰਾਈਜ਼




ਪੰਜਾਬੀ ਗਾਇਕ ਤੇ ਅਦਾਕਾਰ ਦਿਲਜੀਤ ਦੋਸਾਂਝ ਇਨ੍ਹੀਂ ਦਿਨੀਂ ਸੱਤਵੇਂ ਅਸਮਾਨ 'ਤੇ ਹਨ। 'ਜੱਟ ਐਂਡ ਜੂਲੀਅਟ 3' ਦੀ ਵੱਡੀ ਸਫ਼ਲਤਾ ਤੋਂ ਬਾਅਦ ਦਿਲਜੀਤ ਪ੍ਰਸ਼ੰਸਕਾਂ ਲਈ ਇਕ ਹੋਰ ਖੁਸ਼ਖਬਰੀ ਹੈ। ਦਿਲਜੀਤ ਦੀ ਪੰਜਾਬੀ ਫ਼ਿਲਮ 'ਸਰਦਾਰ ਜੀ' ਦੇ ਤੀਜੇ ਭਾਗ ਦਾ ਐਲਾਨ ਹੋ ਗਿਆ ਹੈ। ਵ੍ਹਾਈਟ ਹਿੱਲ ਸਟੂਡੀਓਜ਼ ਤੇ ਸਟੋਰੀਟਾਈਮ ਪ੍ਰੋਡਕਸ਼ਨ ਨੇ ਦਿਲਜੀਤ ਸਟਾਰਰ ਫ਼ਿਲਮ 'ਸਰਦਾਰ ਜੀ 3' ਦਾ ਪੋਸਟਰ ਰਿਲੀਜ਼ ਕੀਤਾ ਹੈ। ਪੋਸਟਰ ਲਾਂਚ ਹੋਣ ਤੋਂ ਬਾਅਦ ਵਿਸ਼ਵ ਪ੍ਰਸਿੱਧ ਕਲਾਕਾਰ ਦੇ ਪ੍ਰਸ਼ੰਸਕਾਂ 'ਚ ਕਾਫ਼ੀ ਉਤਸ਼ਾਹ ਦੇਖਣ ਨੂੰ ਮਿਲਿਆ।ਗੁਣਬੀਰ ਵ੍ਹਾਈਟ ਹਿੱਲ ਤੇ ਮਨਮੋਰਡ ਸਿੱਧੂ ਇਸ ਫ਼ਿਲਮ ਦੇ ਨਿਰਮਾਤਾ ਹੋਣਗੇ। ਇਹ 'ਸਰਦਾਰ ਜੀ' ਫ਼ਿਲਮ ਫਰੈਂਚਾਇਜ਼ੀ ਦਾ ਤੀਜਾ ਭਾਗ ਹੈ, ਜਿਸ 'ਚ ਦਿਲਜੀਤ ਮੁੱਖ ਭੂਮਿਕਾ 'ਚ ਨਜ਼ਰ ਆਉਣਗੇ। ਇਹ ਫ਼ਿਲਮ ਅਗਲੇ ਸਾਲ 27 ਜੂਨ ਨੂੰ ਰਿਲੀਜ਼ ਹੋਵੇਗੀ।ਦੱਸਣਯੋਗ ਹੈ ਕਿ ਫ਼ਿਲਮ 'ਸਰਦਾਰ ਜੀ' ਦਾ ਪਹਿਲਾ ਭਾਗ 2015 'ਚ ਰਿਲੀਜ਼ ਹੋਇਆ ਸੀ, ਜਿਸ 'ਚ ਦਿਲਜੀਤ ਨਾਲ ਨੀਰੂ ਬਾਜਵਾ ਨਜ਼ਰ ਆਈ ਸੀ। 'ਸਰਦਾਰ ਜੀ 2' ਸਾਲ 2016 'ਚ ਰਿਲੀਜ਼ ਹੋਈ ਸੀ, ਜਿਸ 'ਚ ਦਿਲਜੀਤ ਤੇ ਪੰਜਾਬੀ ਅਦਾਕਾਰਾ ਸੋਨਮ ਬਾਜਵਾ ਇਕੱਠੇ ਨਜ਼ਰ ਆਏ ਸਨ। ਦੋਵਾਂ ਭਾਗ ਦਰਸ਼ਕਾਂ ਨੇ ਖੂਬ ਪਸੰਦ ਕੀਤੇ ਸੀ। ਦਿਲਜੀਤ ਤੇ ਨੀਰੂ ਬਾਜਵਾ ਸਟਾਰਰ ਫ਼ਿਲਮ 'ਜੱਟ ਐਂਡ ਜੂਲੀਅਟ 3' ਹਾਲੇ ਵੀ ਸਿਨੇਮਾਘਰਾਂ 'ਚ ਧੂਮ ਮਚਾ ਰਹੀ ਹੈ। 27 ਜੂਨ ਤੋਂ ਬਾਅਦ ਵੀ ਇਹ ਫ਼ਿਲਮ ਭਾਰਤ ਅਤੇ ਦੇਸ਼ਾਂ 'ਚ ਕਮਾਈ ਕਰ ਰਹੀ ਹੈ। ਇਸ ਫ਼ਿਲਮ ਨੇ ਬਾਕਸ ਆਫਿਸ 'ਤੇ ਦੁਨੀਆ ਭਰ 'ਚ 100 ਕਰੋੜ ਤੋਂ ਵੱਧ ਦੀ ਕਮਾਈ ਕਰ ਚੁੱਕੀ ਹੈ।

# ਪ੍ਰਸ਼ੰਸਕਾਂ ਦੀ ਪ੍ਰਤੀਕਿਰਿਆ ਨਾਲ ਹਮੇਸ਼ਾ ਆਪਣਾ ਬਿਹਤਰੀਨ ਦੇਣ ਲਈ ਹਿੰਮਤ ਮਿਲਦੀ ਹੈ



ਜੰਗਲੀ ਪਿਕਚਰਜ਼ ਦੀ ਜਾਸੂਸੀ ਥ੍ਰਿਲਰ 'ਉਲਝ' ਦੇ ਹਾਲ ਹੀ 'ਚ ਰਿਲੀਜ਼ ਹੋਏ ਟ੍ਰੇਲਰ ਨੇ ਦਰਸ਼ਕਾਂ 'ਚ ਭਾਰੀ ਉਮੀਦਾਂ ਪੈਦਾ ਕੀਤੀਆਂ ਹਨ। ਇਕ ਭਾਰਤੀ ਵਿਦੇਸ਼ ਸੇਵਾ (ਆਈ.ਐੱਫ.ਐੱਸ) ਅਧਿਕਾਰੀ ਵਜੋਂ ਜਾਨ੍ਹਵੀ ਕਪੂਰ ਦੇ ਨਵੀਨਤਮ ਚਿੱਤਰਣ ਨੂੰ ਵਿਆਪਕ ਪ੍ਰਸ਼ੰਸਾ ਮਿਲੀ ਹੈ, ਪ੍ਰਸ਼ੰਸਕਾਂ ਨੇ ਉਸਦੇ ਨਵੇਂ ਅਵਤਾਰ ਦੀ ਪ੍ਰਸ਼ੰਸਾ ਕੀਤੀ ਹੈ। ਫਿਲਮ ਦੇ ਟ੍ਰੇਲਰ ਨੂੰ 40 ਮਿਲੀਅਨ ਤੋਂ ਵੱਧ ਵਿਊਜ਼ ਮਿਲ ਚੁੱਕੇ ਹਨ। ਜ਼ਬਰਦਸਤ ਹੁੰਗਾਰੇ ਤੋਂ ਉਤਸ਼ਾਹਿਤ, ਜਾਨ੍ਹਵੀ ਕਪੂਰ ਨੇ ਧੰਨਵਾਦ ਪ੍ਰਗਟਾਇਆ ਤੇ ਕਿਹਾ ਕਿ ਉਹ ਟ੍ਰੇਲਰ ਨੂੰ ਮਿਲੇ ਹੁੰਗਾਰੇ ਤੋਂ ਬਹੁਤ ਖੁਸ਼ ਹੈ। ਮੈਂ ਖੁਸ਼ ਹਾਂ ਤੇ ਪ੍ਰਸ਼ੰਸਕਾਂ ਅਤੇ ਦਰਸ਼ਕਾਂ ਦੀ ਸੱਚਮੁੱਚ ਧੰਨਵਾਦੀ ਹਾਂ ਜੋ ਮੈਨੂੰ ਇਸ ਭੂਮਿਕਾ ਵਿਚ ਦੇਖਣ ਲਈ ਉਤਸ਼ਾਹਿਤ ਹਨ। ਇਹ ਮੈਨੂੰ ਹਮੇਸ਼ਾ ਆਪਣਾ ਸਰਵੋਤਮ ਦੇਣ ਦੀ ਹਿੰਮਤ ਦਿੰਦਾ ਹੈ। ਟ੍ਰੇਲਰ ਵਿਚ ਜਾਨ੍ਹਵੀ ਨੂੰ ਸੁਹਾਨਾ ਦੇ ਰੂਪ ਵਿੱਚ ਦਿਖਾਇਆ ਗਿਆ ਹੈ, ਜੋ ਕਿ ਸਭ ਤੋਂ ਘੱਟ ਉਮਰ ਦੀ ਡਿਪਟੀ ਹਾਈ ਕਮਿਸ਼ਨਰ ਹੈ, ਜੋ ਲੰਡਨ ਅੰਬੈਸੀ ਵਿਚ ਸਖ਼ਤ ਨਿਗਰਾਨੀ ਹੇਠ ਕੰਮ ਕਰਦੀ ਹੈ। ਉਸ ਦੀ ਕਾਰਗੁਜ਼ਾਰੀ ਰੂੜ੍ਹੀਵਾਦੀ ਧਾਰਨਾਵਾਂ ਨੂੰ ਨਕਾਰਦੀ ਹੈ ਤੇ ਸਿੱਧੇ ਤੌਰ 'ਤੇ ਭਾਈ-ਭਤੀਜਾਵਾਦ ਨੂੰ ਸੰਬੋਧਿਤ ਕਰਦੀ ਹੈ। ਫਿਲਮ ਵਿਚ ਆਦਿਲ ਹੁਸੈਨ, ਮਿਆਂਗ ਚਾਂਗ, ਰਾਜਿੰਦਰ ਗੁਪਤਾ ਤੇ ਜਤਿੰਦਰ ਜੋਸ਼ੀ ਵੀ ਹਨ। ਫਿਲਮ ਸੁਧਾਂਸ਼ੂ ਸਰਿਆ ਤੇ ਪਰਵੀਜ਼ ਸ਼ੇਖ ਦੁਆਰਾ ਲਿਖੀ ਗਈ ਹੈ, ਅਤਿਕਾ ਚੌਹਾਨ ਦੇ ਸੰਵਾਦਾਂ ਨਾਲ ਅਤੇ ਸੁਧਾਂਸ਼ੂ ਸਰਿਆ ਦੁਆਰਾ ਨਿਰਦੇਸ਼ਿਤ ਵੀ ਹੈ। ਜੰਗਲੀ ਪਿਕਚਰਜ਼ ਦੁਆਰਾ ਨਿਰਮਿਤ 'ਉਲਝ' 2 ਅਗਸਤ ਨੂੰ ਸਿਨੇਮਾਘਰਾਂ 'ਚ ਰਿਲੀਜ਼ ਹੋਵੇਗੀ।

# 'ਬਿੱਗ ਬੌਸ' 'ਚ ਫੈਜ਼ਲ ਸ਼ੇਖ ਤੇ ਐਲਵਿਸ਼ ਯਾਦਵ ਵਿਚਾਲੇ ਜ਼ਬਰਦਸਤ ਝੜਪ



ਕਾਫ਼ੀ ਸਮੇਂ ਤੋਂ ਖ਼ਬਰਾਂ ਆ ਰਹੀਆਂ ਸਨ ਕਿ ਇਸ ਵਾਰ ਅਦਨਾਨ ਸ਼ੇਖ ਦੇ ਕਰੀਬੀ ਦੋਸਤ ਫੈਜ਼ਲ ਅਤੇ ਲਵਕੇਸ਼ ਕਟਾਰੀਆ ਦੇ ਦੋਸਤ 'ਬਿੱਗ ਬੌਸ' ਓਟੀਟੀ 2 ਦੇ ਜੇਤੂ ਐਲਵਿਸ਼ ਯਾਦਵ ਨੂੰ 'ਬਿੱਗ ਬੌਸ ਓਟੀਟੀ 3' 'ਵੀਕੈਂਡ ਕਾ ਵਾਰ' ਐਪੀਸੋਡ 'ਚ ਅਨਿਲ ਕਪੂਰ ਨਾਲ ਦੇਖਿਆ ਜਾ ਸਕਦਾ ਹੈ। ਹੁਣ ਪ੍ਰਸ਼ੰਸਕਾਂ ਦਾ ਇੰਤਜ਼ਾਰ ਖ਼ਤਮ ਹੋ ਗਿਆ ਹੈ ਅਤੇ ਇਸ ਦਾ ਪਹਿਲਾ ਪ੍ਰੋਮੋ ਵੀ ਸਾਹਮਣੇ ਆ ਗਿਆ ਹੈ। ਕੁਝ ਰਿਪੋਰਟਾਂ ਅਨੁਸਾਰ, ਨਿਰਮਾਤਾ ਚਾਹੁੰਦੇ ਹਨ ਕਿ ਉਹ ਦੋਵੇਂ 'ਬਿੱਗ ਬੌਸ' ਦੇ ਮੰਚ 'ਤੇ ਆਉਣ ਅਤੇ ਆਪਣੇ-ਆਪਣੇ ਪ੍ਰਸ਼ੰਸਕਾਂ ਨੂੰ ਉਨ੍ਹਾਂ ਦੀ ਸਮੱਗਰੀ ਦੇ ਅਨੁਸਾਰ ਪ੍ਰਤੀਯੋਗੀਆਂ ਦਾ ਸਮਰਥਨ ਕਰਨ ਲਈ ਕਹਿਣ। ਹਾਲਾਂਕਿ ਇਸ ਪ੍ਰੋਮੋ 'ਚ ਦੋਵੇਂ ਅਨਿਲ ਕਪੂਰ ਦੇ ਸਾਹਮਣੇ ਇਕ-ਦੂਜੇ ਨਾਲ ਲੜਦੇ ਨਜ਼ਰ ਆ ਰਹੇ ਹਨ।

### ਫੈਜ਼ਲ-ਏਲਵੀਸ਼ ਵੀਕੈਂਡ

ਜੀਓ ਸਿਨੇਮਾ ਨੇ 'ਬਿੱਗ ਬੌਸ ਓਟੀਟੀ 3' 'ਵੀਕੈਂਡ ਕਾ ਵਾਰ' ਐਪੀਸੋਡ ਦਾ ਪ੍ਰੋਮੋ ਸਾਂਝਾ ਕੀਤਾ ਹੈ, ਜਿਸ 'ਚ ਅਨਿਲ ਕਪੂਰ ਸਟੇਜ 'ਤੇ ਫੈਜ਼ਲ ਸ਼ੇਖ ਅਤੇ ਐਲਵੀਸ਼ ਯਾਦਵ ਦਾ ਸਵਾਗਤ ਕਰਦੇ ਨਜ਼ਰ ਆ ਰਹੇ ਹਨ। ਫਿਰ ਉਹ ਫੈਜ਼ੂ ਨੂੰ ਪੁੱਛਦਾ ਹੈ ਕਿ ਕੀ ਉਸ ਨੂੰ ਲੱਗਦਾ ਹੈ ਕਿ ਅਦਨਾਨ ਸਹੀ ਤਰੀਕੇ ਨਾਲ ਗੇਮ ਖੇਡ ਰਿਹਾ ਹੈ। ਫੈਜ਼ਲ ਦਾ ਕਹਿਣਾ ਹੈ ਕਿ ਉਹ ਮੇਰਾ ਦੋਸਤ ਹੈ ਅਤੇ 100 ਫੀਸਦੀ ਵਧੀਆ ਖੇਡ ਰਿਹਾ ਹੈ।

### ਆਪਸ 'ਚ ਭਿੜੇ ਐਲਵਿਸ਼ ਅਤੇ ਫੈਜ਼ਲ

ਫਿਰ ਐਲਵਿਸ਼ ਟੋਕਦਾ ਹੈ ਅਤੇ ਕਹਿੰਦਾ ਹੈ ਕਿ ਸਰ ਝੂਠ ਬੋਲ ਰਿਹਾ ਹੈ, ਉਹ ਬੇਲੋੜੀ ਖੇਡ ਖੇਡ ਰਿਹਾ ਹੈ। ਫਿਰ ਫੈਜ਼ੂ ਐਲਵਿਸ਼ ਨੂੰ ਕਹਿੰਦਾ ਹੈ ਕਿ ਸਰ, ਉਸ ਨੂੰ ਆਪਣੀ ਸ਼ਖਸੀਅਤ ਨੂੰ ਵਿਕਸਤ ਕਰਨ 'ਚ 4 ਤੋਂ 5 ਸਾਲ ਲੱਗ ਗਏ। ਐਲਵਿਸ਼ ਦਾ ਕਹਿਣਾ ਹੈ ਕਿ ਉਹ ਇਹ ਨਹੀਂ ਸਮਝ ਸਕਦਾ ਕਿ ਉਹ 4 ਤੋਂ 5 ਦਿਨ ਕੀ ਹਨ।

### ਘਰ ਤੋਂ ਬਾਹਰ ਹੋਵੇਗਾ ਇਹ ਪ੍ਰਤੀਯੋਗੀ

ਇਸ ਵਾਰ ਘਰ ਤੋਂ ਬਾਹਰ ਕੱਢਣ ਲਈ 7 ਮੈਂਬਰਾਂ ਨੂੰ ਨਾਮਜ਼ਦ ਕੀਤਾ ਗਿਆ ਹੈ ਪਰ 'ਬਿੱਗ ਬੌਸ' ਦੇ ਫੈਨ ਪੇਜ 'ਦਿ ਖਬਰੀ' ਦੀ ਰਿਪੋਰਟ ਮੁਤਾਬਕ, ਇਸ ਵਾਰ ਦੀਪਕ ਚੌਰਸੀਆ ਨੂੰ 'ਬਿੱਗ ਬੌਸ' ਦੇ ਘਰ ਤੋਂ ਬਾਹਰ ਕੱਢਿਆ ਜਾ ਰਿਹਾ ਹੈ।

# ਸੂਫ਼ੀ ਗਾਇਕ ਲਖਵਿੰਦਰ ਵਡਾਲੀ ਨੇ ਪਿਤਾ ਨੂੰ ਦਿੱਤਾ ਸਰਪ੍ਰਾਈਜ਼,



ਪੰਜਾਬੀ ਸੂਫ਼ੀ ਗਾਇਕ ਲਖਵਿੰਦਰ ਵਡਾਲੀ ਦੀ ਕਮਾਲ ਦੀ ਗਾਇਕੀ ਕਰਕੇ ਹਮੇਸ਼ਾ ਹੀ ਉਨ੍ਹਾਂ ਦੀ ਪ੍ਰਸ਼ੰਸਾ ਕੀਤੀ ਜਾਂਦੀ ਹੈ। ਪੰਜਾਬੀ ਗਾਣਿਆਂ ਦੇ ਨਾਲ-ਨਾਲ ਲਖਵਿੰਦਰ ਹਿੰਦੀ ਟੱਚ ਵਾਲੇ ਗੀਤਾਂ 'ਚ ਵੀ ਕਮਾਲ ਕਰਦੇ ਹਨ। ਹਾਲ ਹੀ 'ਚ ਗਾਇਕ ਲਖਵਿੰਦਰ ਵਡਾਲੀ ਨੇ ਇੰਸਟਾਗ੍ਰਾਮ 'ਤੇ ਵੀਡੀਓ ਸ਼ੇਅਰ ਕੀਤਾ ਹੈ, ਜਿਸ 'ਚ ਉਨ੍ਹਾਂ ਨੇ ਗੁਰੂ ਪੁਰਨਿਮਾ ਦੇ ਤਿਉਹਾਰ ਮੌਕੇ ਆਪਣੇ ਪਿਤਾ ਨੂੰ ਡਿਫੈਂਡਰ ਗੱਡੀ ਗਿਫਟ ਕੀਤੀ ਹੈ। ਜਿਸ ਦੀ ਕੀਮਤ ਕਰੋੜਾਂ 'ਚ ਹੈ। ਜਿਸ ਨੂੰ ਦੇਖ ਕੇ ਲੋਕ ਉਨ੍ਹਾਂ ਦੀ ਤਾਰੀਫ਼ ਕਰ ਰਹੇ ਹਨ ਅਤੇ ਕੁਮੈਂਟਸ ਵੀ ਕਰ ਰਹੇ ਹਨ। ਦੱਸ ਦਈਏ ਕਿ ਲਖਵਿੰਦਰ ਵਡਾਲੀ ਕਿਸੇ ਪਛਾਣ ਦੇ ਮੋਹਤਾਜ ਨਹੀਂ ਹਨ। ਉਨ੍ਹਾਂ ਨੇ ਬਹੁਤ ਸਾਰੇ ਸੂਫ਼ੀ ਗੀਤ ਗਾਏ ਹਨ। ਗਾਇਕ ਹਮੇਸ਼ਾ ਆਪਣੇ ਪਿਤਾ ਨੂੰ ਆਪਣਾ ਗੁਰੂ ਮੰਨਦੇ ਹਨ ਅਤੇ ਅੱਜ ਗੁਰੂ ਪੁਰਨਿਮਾ ਦੇ ਤਿਉਹਾਰ ਮੌਕੇ ਉਨ੍ਹਾਂ ਸਰਪ੍ਰਾਈਜ਼ ਦਿੱਤਾ ਹੈ।

# ਵਿੱਕੀ ਕੌਸ਼ਲ-ਤ੍ਰਿਪਤੀ ਡਿਮਰੀ ਦੀ 'ਬੈਡ ਨਿਊਜ਼' ਦਾ ਬਾਕਸ ਆਫਿਸ 'ਤੇ ਦਬਦਬਾ




ਬਾਲੀਵੁੱਡ ਅਦਾਕਾਰ ਵਿੱਕੀ ਕੌਸ਼ਲ, ਤ੍ਰਿਪਤੀ ਡਿਮਰੀ ਅਤੇ ਐਮੀ ਵਿਰਕ ਸਟਾਰਰ 'ਬੈਡ ਨਿਊਜ਼' ਸ਼ੁੱਕਰਵਾਰ 19 ਜੁਲਾਈ ਨੂੰ ਸਿਨੇਮਾਘਰਾਂ 'ਚ ਰਿਲੀਜ਼ ਹੋ ਗਈ ਹੈ। ਆਨੰਦ ਤਿਵਾਰੀ ਦੁਆਰਾ ਨਿਰਦੇਸ਼ਤ ਫ਼ਿਲਮ ਨੇ ਬਾਕਸ ਆਫਿਸ 'ਤੇ ਦੂਜੇ ਦਿਨ ਭਾਰਤ 'ਚ 10 ਕਰੋੜ ਰੁਪਏ ਦੀ ਕਮਾਈ ਕੀਤੀ ਹੈ।ਟ੍ਰੇਂਡ ਐਨਾਲਿਸਟਸ ਮੁਤਾਬਕ, ਫ਼ਿਲਮ ਦੀ ਕਮਾਈ ਦੂਜੇ ਦਿਨ ਵਧਣੀ ਚਾਹੀਦੀ ਸੀ ਪਰ ਅਜਿਹਾ ਨਹੀਂ ਹੋਇਆ ਅਤੇ ਫ਼ਿਲਮ ਦੀ ਕਮਾਈ ਸਿਰਫ਼ 20 ਫੀਸਦੀ ਵਧੀ ਹੈ। 8.3 ਕਰੋੜ ਰੁਪਏ ਨਾਲ ਓਪਨਿੰਗ ਕਰਨ ਅਤੇ ਪਹਿਲੇ ਸ਼ਨੀਵਾਰ ਨੂੰ 10 ਕਰੋੜ ਰੁਪਏ ਦੀ ਕਮਾਈ ਕਰਨ ਤੋਂ ਬਾਅਦ 'ਬੈਡ ਨਿਊਜ਼' ਦਾ 2 ਦਿਨਾਂ ਦਾ ਕਲੈਕਸ਼ਨ 18.3 ਕਰੋੜ ਰੁਪਏ ਤੱਕ ਪਹੁੰਚ ਗਿਆ ਹੈ। ਇਸ ਨਾਲ ਫ਼ਿਲਮ ਦੀ ਕਮਾਈ 'ਚ ਸਿਰਫ 50-60 ਫੀਸਦੀ ਦਾ ਵਾਧਾ ਦੇਖਿਆ ਗਿਆ ਹੈ। ਉਮੀਦਾਂ ਸਨ ਕਿ 'ਬੈਡ ਨਿਊਜ਼' ਇੱਕ ਵੀਕੈਂਡ 'ਚ 35 ਕਰੋੜ ਰੁਪਏ ਤੋਂ ਵੱਧ ਦੀ ਕਮਾਈ ਕਰ ਲਵੇਗੀ ਪਰ ਫ਼ਿਲਮ ਆਪਣੇ ਦੂਜੇ ਦਿਨ ਉਮੀਦਾਂ 'ਤੇ ਖਰੀ ਨਹੀਂ ਉਤਰੀ। ਜੇਕਰ ਸੋਮਵਾਰ ਨੂੰ 50 ਤੋਂ ਘੱਟ ਦੀ ਗਿਰਾਵਟ ਹੁੰਦੀ ਹੈ ਤਾਂ ਵਿੱਕੀ ਕੌਸ਼ਲ ਦੀ ਫ਼ਿਲਮ ਦਾ ਪਹਿਲੇ ਹਫ਼ਤੇ ਬਾਕਸ ਆਫਿਸ 'ਤੇ ਪ੍ਰਦਰਸ਼ਨ ਚੰਗਾ ਨਹੀਂ ਹੋ ਸਕਦਾ। 'ਬੈਡ ਨਿਊਜ਼' ਨੇ ਸਾਲ ਦਾ ਛੇਵਾਂ ਸਰਵੋਤਮ ਹਿੰਦੀ ਓਪਨਿੰਗ ਹਾਸਲ ਕੀਤਾ ਹੈ। 'ਬੈਡ ਨਿਊਜ਼' ਤੋਂ ਬਾਅਦ ਵਿੱਕੀ ਕੌਸ਼ਲ ਦੀ 'ਛਾਵਾ' ਤੋਂ ਵੀ ਬਾਕਸ ਆਫਿਸ 'ਤੇ ਚੰਗਾ ਪ੍ਰਦਰਸ਼ਨ ਕਰਨ ਦੀ ਉਮੀਦ ਹੈ। ਫ਼ਿਲਮ 'ਚ ਵਿੱਕੀ ਕੌਸ਼ਲ, ਤ੍ਰਿਪਤੀ ਡਿਮਰੀ, ਐਮੀ ਵਿਰਕ ਤੋਂ ਇਲਾਵਾ ਨੇਹਾ ਧੂਪੀਆ ਨੇ ਖ਼ਾਸ ਭੂਮਿਕਾਵਾਂ ਨਿਭਾਈਆਂ ਹਨ। ਜਦਕਿ ਅਨੰਨਿਆ ਪਾਂਡੇ ਅਤੇ ਨੇਹਾ ਸ਼ਰਮਾ ਨੇ ਫ਼ਿਲਮ 'ਚ ਕੈਮਿਓ ਕੀਤਾ ਹੈ।

# ਅਮਰੀਕਾ 'ਚ ਮੁੜ ਗੋਲੀਬਾਰੀ, 3 ਲੋਕਾਂ ਦੀ ਮੌਤ




ਅਮਰੀਕਾ ਵਿਚ ਇਕ ਵਾਰ ਗੋਲੀਬਾਰੀ ਦੀ ਘਟਨਾ ਵਾਪਰੀ ਹੈ। ਇਸ ਗੋਲੀਬਾਰੀ ਵਿਚ 3 ਲੋਕਾਂ ਦੀ ਮੌਤ ਹੋ ਗਈ ਜਦਕਿ 16 ਹੋਰ ਦੇ ਜ਼ਖਮੀ ਹੋਣ ਦੀ ਖ਼ਬਰ ਹੈ। ਪੁਲਸ ਨੇ ਦੱਸਿਆ ਕਿ ਪੱਛਮੀ ਫਿਲਾਡੇਲਫੀਆ ਦੇ ਕੈਰੋਲ ਪਾਰਕ ਸੈਕਸ਼ਨ ਵਿੱਚ ਐਤਵਾਰ ਸਵੇਰੇ ਇੱਕ ਵੱਡੇ ਇਕੱਠ ਵਿੱਚ ਹੋਈ ਗੋਲੀਬਾਰੀ ਵਿੱਚ ਤਿੰਨ ਲੋਕਾਂ ਦੀ ਮੌਤ ਹੋ ਗਈ ਅਤੇ 16 ਹੋਰ ਜ਼ਖਮੀ ਹੋ ਗਏ। ਪੁਲਸ ਨੇ ਉੱਤਰੀ ਐਲਡਨ ਸਟ੍ਰੀਟ ਦੇ 1200 ਬਲਾਕ 'ਤੇ ਦੁਪਹਿਰ 2 ਵਜੇ ਤੋਂ ਥੋੜ੍ਹੀ ਦੇਰ ਬਾਅਦ ਗੋਲੀ ਚੱਲਣ ਦੀ ਕਾਲ ਦਾ ਜਵਾਬ ਦਿੱਤਾ। ਪੁਲਸ ਅਨੁਸਾਰ ਇੱਕ 33 ਸਾਲਾ ਵਿਅਕਤੀ ਨੂੰ ਘਟਨਾ ਸਥਾਨ 'ਤੇ ਮ੍ਰਿਤਕ ਘੋਸ਼ਿਤ ਕਰ ਦਿੱਤਾ ਗਿਆ ਅਤੇ ਦੋ ਹੋਰ ਵਿਅਕਤੀਆਂ ਦੀ ਸਥਾਨਕ ਹਸਪਤਾਲਾਂ ਵਿੱਚ ਮੌਤ ਹੋ ਗਈ। ਐਤਵਾਰ ਦੇਰ ਰਾਤ ਫਿਲਾਡੇਲਫੀਆ ਦੇ ਮੇਅਰ ਸ਼ੈਰੇਲ ਪਾਰਕਰ ਨੇ ਐਕਸ 'ਤੇ ਲਿਖਿਆ ਕਿ ਪੁਲਸ ਗੋਲੀਬਾਰੀ ਦੀ ਜਾਂਚ ਕਰ ਰਹੀ ਹੈ ਅਤੇ ਉਸ ਕੋਲ ਸੋਮਵਾਰ ਨੂੰ ਕਹਿਣ ਲਈ ਵਧੇਰੇ ਜਾਣਕਾਰੀ ਹੋਵੇਗੀ।ਪਾਰਕਰ ਨੇ ਕਿਹਾ, "ਫਿਲਾਡੇਲਫੀਆ ਵਿੱਚ ਹਰ ਗੋਲੀਬਾਰੀ ਅਤੇ ਕਤਲੇਆਮ ਮੇਰੇ ਲਈ ਦੁਖਦਾਈ ਹੈ ਅਤੇ ਮੇਰਾ ਪ੍ਰਸ਼ਾਸਨ ਉਦੋਂ ਤੱਕ ਆਰਾਮ ਨਹੀਂ ਕਰੇਗਾ ਜਦੋਂ ਤੱਕ ਹਰ ਨਿਵਾਸੀ, ਹਰ ਗੁਆਂਢੀ, ਆਪਣੇ ਭਾਈਚਾਰੇ ਵਿੱਚ ਸੁਰੱਖਿਅਤ ਮਹਿਸੂਸ ਨਹੀਂ ਕਰਦਾ।" ਪੁਲਸ ਨੇ ਦੱਸਿਆ ਕਿ ਕਈ ਸ਼ੂਟਰ ਜਾਪਦੇ ਹਨ। ਪੁਲਿਸ ਮੁਤਾਬਕ ਗੋਲੀਬਾਰੀ ਨਾਲ ਕਈ ਕਾਰਾਂ ਵੀ ਨੁਕਸਾਨੀਆਂ ਗਈਆਂ। ਪੁਲਸ ਨੇ ਘਟਨਾ ਸਥਾਨ ਤੋਂ ਇੱਕ ਬੰਦੂਕ ਬਰਾਮਦ ਕੀਤੀ ਹੈ ਅਤੇ ਹੱਤਿਆ ਦੇ ਕਾਰਨਾਂ ਦੀ ਜਾਂਚ ਕਰ ਰਹੇ ਹਨ। ਪੁਲਸ ਨੇ ਕਿਹਾ ਕਿ ਉਨ੍ਹਾਂ ਕੋਲ ਸ਼ੂਟਰਾਂ ਬਾਰੇ ਜ਼ਿਆਦਾ ਜਾਣਕਾਰੀ ਨਹੀਂ ਹੈ।

# ਆਸਟ੍ਰੇਲੀਆਈ ਸਰਕਾਰ ਨੇ ਬਜ਼ੁਰਗਾਂ ਨਾਲ ਬਦਸਲੂਕੀ ਨੂੰ ਖ਼ਤਮ ਕਰਨ ਲਈ ਸ਼ੁਰੂ ਕੀਤੀ ਮੁਹਿੰਮ



ਆਸਟ੍ਰੇਲੀਆਈ ਸਰਕਾਰ ਨੇ ਬਜ਼ੁਰਗਾਂ ਨਾਲ ਬਦਸਲੂਕੀ ਨੂੰ ਖ਼ਤਮ ਕਰਨ ਲਈ ਇੱਕ ਨਵੀਂ ਮੁਹਿੰਮ ਸ਼ੁਰੂ ਕੀਤੀ ਹੈ| ਸਮਾਚਾਰ ਏਜੰਸੀ ਸਿਨਹੂਆ ਦੀ ਰਿਪੋਰਟ ਮੁਤਾਬਕ ਅਟਾਰਨੀ-ਜਨਰਲ ਮਾਰਕ ਡਰੇਫਸ ਨੇ ਸੋਮਵਾਰ ਨੂੰ ਐਡੀਲੇਡ ਵਿੱਚ ਨੈਸ਼ਨਲ ਐਲਡਰ ਅਬਿਊਜ਼ ਕਾਨਫਰੰਸ ਨੂੰ ਇੱਕ ਭਾਸ਼ਣ ਵਿੱਚ ਬਜ਼ੁਰਗ ਆਸਟ੍ਰੇਲੀਅਨਾਂ ਦੇ ਸ਼ੋਸ਼ਣ ਨੂੰ ਬੇਰਹਿਮੀ ਅਤੇ ਦੁਰਵਿਵਹਾਰ ਦਾ ਇੱਕ ਸ਼ਰਮਨਾਕ ਅਤੇ ਅਕਸਰ ਲੁਕਿਆ ਹੋਇਆ ਰੂਪ ਦੱਸਿਆ। ਉਸਨੇ ਬਜ਼ੁਰਗਾਂ ਨਾਲ ਬਦਸਲੂਕੀ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਇੱਕ ਰਾਸ਼ਟਰੀ ਵਿਗਿਆਪਨ ਮੁਹਿੰਮ ਲਈ ਫੰਡਿੰਗ ਵਿੱਚ 4.8 ਮਿਲੀਅਨ ਆਸਟ੍ਰੇਲੀਅਨ ਡਾਲਰ (3.2 ਮਿਲੀਅਨ ਡਾਲਰ) ਦੀ ਘੋਸ਼ਣਾ ਕੀਤੀ।2021 ਵਿੱਚ ਪ੍ਰਕਾਸ਼ਿਤ ਇੱਕ ਸਰਕਾਰੀ ਅਧਿਐਨ ਅਨੁਸਾਰ ਛੇ ਵਿੱਚੋਂ ਇੱਕ ਬਜ਼ੁਰਗ ਆਸਟ੍ਰੇਲੀਆਈ ਨੇ ਪਿਛਲੇ 12 ਮਹੀਨਿਆਂ ਵਿੱਚ ਦੁਰਵਿਵਹਾਰ ਦਾ ਅਨੁਭਵ ਕੀਤਾ ਸੀ ਪਰ 60 ਪ੍ਰਤੀਸ਼ਤ ਤੋਂ ਵੱਧ ਨੇ ਮਦਦ ਜਾਂ ਸਲਾਹ ਨਹੀਂ ਲਈ। ਡਰੇਫਸ ਮੁਤਾਬਕ,"ਸਰੀਰਕ ਸ਼ੋਸ਼ਣ ਤੋਂ ਇਲਾਵਾ, ਬਜ਼ੁਰਗ ਦੁਰਵਿਵਹਾਰ ਵਿੱਚ ਮਨੋਵਿਗਿਆਨਕ ਜਾਂ ਭਾਵਨਾਤਮਕ ਸ਼ੋਸ਼ਣ, ਵਿੱਤੀ ਦੁਰਵਿਵਹਾਰ, ਜਿਨਸੀ ਸ਼ੋਸ਼ਣ ਜਾਂ ਅਣਗਹਿਲੀ ਸ਼ਾਮਲ ਹੋ ਸਕਦੀ ਹੈ। ਇਹ ਬਦਸੂਰਤ ਹੈ, ਇਹ ਅਸਵੀਕਾਰਨਯੋਗ ਹੈ ਅਤੇ ਇਸਨੂੰ ਖ਼ਤਮ ਕੀਤਾ ਜਾਣਾ ਚਾਹੀਦਾ ਹੈ।" ਡਰੇਫਸ ਨੇ ਅੱਗੇ ਕਿਹਾ ਕਿ ਵਿਗਿਆਪਨ ਮੁਹਿੰਮ, ਜੋ ਕਿ ਟੈਲੀਵਿਜ਼ਨ 'ਤੇ ਔਨਲਾਈਨ ਅਤੇ ਦੇਸ਼ ਭਰ ਦੇ ਸਿਹਤ ਕਲੀਨਿਕਾਂ 'ਤੇ ਚੱਲੇਗੀ, ਆਸਟ੍ਰੇਲੀਅਨਾਂ ਨੂੰ ਇਸ ਮੁੱਦੇ ਅਤੇ ਉਪਲਬਧ ਸਹਾਇਤਾ ਉਪਾਵਾਂ ਪ੍ਰਤੀ ਜਾਗਰੂਕਤਾ ਵਧਾਉਣ ਲਈ ਬਜ਼ੁਰਗਾਂ ਨਾਲ ਬਦਸਲੂਕੀ ਬਾਰੇ ਗੱਲਬਾਤ ਕਰਨ ਲਈ ਉਤਸ਼ਾਹਿਤ ਕਰੇਗੀ।''

# ਬਾਈਡੇਨ ਦੇ ਜਾਣ ਤੋਂ ਬਾਅਦ ਅਮਰੀਕਾ 'ਚ ਹੋਵੇਗਾ 'ਖੇਲਾ ਹੋਬੇ'



ਸਾਬਕਾ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਅਤੇ ਸਾਬਕਾ ਸਦਨ ਸਪੀਕਰ ਨੈਨਸੀ ਪੇਲੋਸੀ ਨੇ ਐਤਵਾਰ ਨੂੰ ਰਾਸ਼ਟਰਪਤੀ ਜੋਅ ਬਾਈਡੇਨ ਦੇ ਰਾਸ਼ਟਰਪਤੀ ਅਹੁਦੇ ਦੀ ਦੌੜ ਤੋਂ ਹਟਣ ਦੇ ਫ਼ੈਸਲੇ ਦੀ ਸ਼ਲਾਘਾ ਕੀਤੀ ਪਰ 5 ਨਵੰਬਰ ਨੂੰ ਹੋਣ ਵਾਲੀਆਂ ਚੋਣਾਂ ਲਈ ਡੈਮੋਕ੍ਰੇਟਿਕ ਪਾਰਟੀ ਦੀ ਉਮੀਦਵਾਰ ਵਜੋਂ ਉਪ ਰਾਸ਼ਟਰਪਤੀ ਕਮਲਾ ਹੈਰਿਸ ਦਾ ਸਮਰਥਨ ਕਰਨ ਤੋਂ ਇਨਕਾਰ ਕਰ ਦਿੱਤਾ। ਜਦਕਿ ਭਾਵੇਂ ਕਮਲਾ ਹੈਰਿਸ ਨੂੰ ਓਬਾਮਾ ਦੀ ਸਿਆਸੀ ਸਲਾਹਕਾਰ ਮੰਨਿਆ ਜਾਂਦਾ ਹੈ, ਪਰ ਉਸਨੇ ਤੁਰੰਤ ਹੈਰਿਸ ਦਾ ਸਮਰਥਨ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਆਪਣੀ ਉਮਰ ਤੋਂ ਹੋਣ ਵਾਲੀ ਹਰ ਤਰ੍ਹਾਂ ਦੀ ਆਲੋਚਨਾ ਤੋਂ ਬਾਅਦ ਅਮਰੀਕੀ ਰਾਸ਼ਟਰਪਤੀ ਜੋਅ ਬਾਈਡੇਨ ਆਖਰਕਾਰ ਰਾਸ਼ਟਰਪਤੀ ਦੀ ਦੌੜ ਤੋਂ ਬਾਹਰ ਹੋ ਗਏ ਹਨ। ਬਾਈਡੇਨ ਨੇ ਐਤਵਾਰ ਨੂੰ ਰਾਸ਼ਟਰਪਤੀ ਦੀ ਦੌੜ ਤੋਂ ਖੁਦ ਨੂੰ ਵੱਖ ਕਰ ਲਿਆ। ਇਸ ਦੇ ਨਾਲ ਹੀ ਉਨ੍ਹਾਂ ਨੇ ਆਪਣੀ ਸਹਿਯੋਗੀ ਅਤੇ ਉਪ ਰਾਸ਼ਟਰਪਤੀ ਕਮਲਾ ਹੈਰਿਸ ਨੂੰ ਨਵੇਂ ਰਾਸ਼ਟਰਪਤੀ ਉਮੀਦਵਾਰ ਵਜੋਂ ਸਮਰਥਨ ਦਿੱਤਾ ਹੈ। ਇਸ ਫ਼ੈਸਲੇ ਤੋਂ ਬਾਅਦ ਅਮਰੀਕਾ ਤੋਂ ਲੈ ਕੇ ਪੂਰੀ ਦੁਨੀਆ 'ਚ ਸਨਸਨੀ ਫੈਲ ਗਈ। ਹਾਲਾਂਕਿ ਕਮਲਾ ਹੈਰਿਸ ਦੀ ਰਾਸ਼ਟਰਪਤੀ ਅਹੁਦੇ ਦੀ ਉਮੀਦਵਾਰੀ ਲਈ ਅਜੇ ਬਹੁਤ ਕੁਝ ਕਰਨਾ ਬਾਕੀ ਹੈ। ਹੁਣ ਇਹ ਸਪੱਸ਼ਟ ਹੋ ਗਿਆ ਹੈ ਕਿ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਅਮਰੀਕੀ ਰਾਸ਼ਟਰਪਤੀ ਚੋਣ ਵਿਚ ਕਮਲਾ ਹੈਰਿਸ ਨਾਲ ਤੁਲਨਾ ਕੀਤੀ ਜਾਵੇਗੀ। ਕਮਲਾ ਹੈਰਿਸ ਰਾਸ਼ਟਰਪਤੀ ਅਹੁਦੇ ਲਈ ਨਾਮਜ਼ਦਗੀ ਭਰਨ ਤੋਂ ਬਾਅਦ ਕਿਸੇ ਵੱਡੀ ਸਿਆਸੀ ਪਾਰਟੀ ਦੀ ਟਿਕਟ 'ਤੇ ਚੋਣ ਲੜਨ ਵਾਲੀ ਪਹਿਲੀ ਗੈਰ ਗੋਰੀ ਔਰਤ ਅਤੇ ਪਹਿਲੀ ਏਸ਼ੀਆਈ ਅਮਰੀਕੀ ਬਣ ਸਕਦੀ ਹੈ।

## ਰਾਸ਼ਟਰਪਤੀ ਦੀ ਦੌੜ ਵਿੱਚ ਕਈ ਨਾਮ ਚੱਲ ਰਹੇ

ਬਾਈਡੇਨ ਵੱਲੋਂ ਕਮਲਾ ਹੈਰਿਸ ਨੂੰ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਐਲਾਨੇ ਜਾਣ ਤੋਂ ਬਾਅਦ ਇਹ ਲਗਭਗ ਤੈਅ ਹੋ ਗਿਆ ਹੈ ਕਿ ਉਹ ਰਾਸ਼ਟਰਪਤੀ ਅਹੁਦੇ ਦੀ ਉਮੀਦਵਾਰ ਹੋਵੇਗੀ ਪਰ ਡੈਮੋਕ੍ਰੇਟਿਕ ਪਾਰਟੀ ਦੀ ਉਮੀਦਵਾਰ ਚੋਣ ਕਮੇਟੀ ਨੇ ਅਜੇ ਇਹ ਫ਼ੈਸਲਾ ਨਹੀਂ ਕੀਤਾ ਹੈ ਕਿ ਰਾਸ਼ਟਰਪਤੀ ਅਹੁਦੇ ਲਈ ਅਗਲਾ ਉਮੀਦਵਾਰ ਕੌਣ ਹੋਵੇਗਾ। ਇਸ ਵੇਲੇ ਰਾਸ਼ਟਰਪਤੀ ਦੀ ਦੌੜ ਵਿੱਚ ਕਈ ਨਾਮ ਚੱਲ ਰਹੇ ਹਨ। ਕੈਲੀਫੋਰਨੀਆ ਦੇ ਗਵਰਨਰ ਗੇਵਿਨ ਨਿਊਜ਼ੋਮ, ਮਿਸ਼ੀਗਨ ਦੇ ਗਵਰਨਰ ਗ੍ਰੇਚੇਨ ਵਿਟਮਰ, ਪੈਨਸਿਲਵੇਨੀਆ ਦੇ ਗਵਰਨਰ ਜੋਸ਼ ਸ਼ਾਪੀਰੋ ਡੈਮੋਕ੍ਰੇਟਿਕ ਪਾਰਟੀ ਵੱਲੋਂ ਰਾਸ਼ਟਰਪਤੀ ਦੀ ਦੌੜ ਵਿੱਚ ਸ਼ਾਮਲ ਹੋਰ 6 ਨਾਂ ਹਨ। ਹੁਣ ਦੇਖਣਾ ਇਹ ਹੋਵੇਗਾ ਕਿ ਡੈਮੋਕ੍ਰੇਟਿਕ ਪਾਰਟੀ ਆਖਰਕਾਰ ਆਪਣੇ ਉਮੀਦਵਾਰ ਦਾ ਐਲਾਨ ਕਿਵੇਂ ਕਰਦੀ ਹੈ। ਬਾਈਡੇਨ ਨੇ ਪਿਛਲੇ 48 ਘੰਟਿਆਂ ਵਿੱਚ ਰਾਸ਼ਟਰਪਤੀ ਦੀ ਦੌੜ ਵਿੱਚੋਂ ਬਾਹਰ ਹੋਣ ਦਾ ਅੰਤਿਮ ਫ਼ੈਸਲਾ ਲਿਆ। ਕਿਉਂਕਿ ਉਸਨੇ ਕੋਵਿਡ ਤੋਂ ਠੀਕ ਹੋਣ ਦੌਰਾਨ ਪਰਿਵਾਰ ਅਤੇ ਸੀਨੀਅਰ ਸਲਾਹਕਾਰਾਂ ਨਾਲ ਟੈਲੀਫੋਨ 'ਤੇ ਸਲਾਹ ਕੀਤੀ ਸੀ। ਇਸ ਮਾਮਲੇ ਤੋਂ ਜਾਣੂ ਇਕ ਸੂਤਰ ਨੇ ਕਿਹਾ ਕਿ ਦੌੜ ਤੋਂ ਹਟਣ ਦੀਆਂ ਯੋਜਨਾਵਾਂ ਸ਼ਨੀਵਾਰ ਰਾਤ ਨੂੰ ਸ਼ੁਰੂ ਹੋਈਆਂ ਅਤੇ ਐਤਵਾਰ ਨੂੰ ਅੰਤਿਮ ਰੂਪ ਦਿੱਤਾ ਗਿਆ।

# ਨੇਤਨਯਾਹੂ ਅਮਰੀਕੀ ਰਾਸ਼ਟਰਪਤੀ ਚੋਣਾਂ ਤੱਕ ਗਾਜ਼ਾ ਵਾਰਤਾ 'ਚ ਕਰ ਸਕਦੈ ਦੇਰੀ




ਇਜ਼ਰਾਈਲ ਨਵੰਬਰ ਵਿਚ ਹੋਣ ਵਾਲੀਆਂ ਅਮਰੀਕੀ ਰਾਸ਼ਟਰਪਤੀ ਚੋਣਾਂ ਤੱਕ ਗਾਜ਼ਾ ਪੱਟੀ ਵਿਚ ਜੰਗਬੰਦੀ ਨੂੰ ਲੈ ਕੇ ਫਿਲਸਤੀਨੀ ਅੰਦੋਲਨ ਹਮਾਸ ਨਾਲ ਗੱਲਬਾਤ ਵਿਚ ਦੇਰੀ ਕਰ ਸਕਦਾ ਹੈ ਕਿਉਂਕਿ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਦਾ ਮੰਨਣਾ ਹੈ ਕਿ ਚੋਣਾਂ ਤੋਂ ਬਾਅਦ ਇਜ਼ਰਾਈਲ ਅਤੇ ਗਾਜ਼ਾ ਸੰਘਰਸ਼ 'ਤੇ ਵਾਸ਼ਿੰਗਟਨ ਦੀ ਸਥਿਤੀ ਬਦਲ ਸਕਦੀ ਹੈ। ਅਮਰੀਕੀ ਡਿਜੀਟਲ ਅਖ਼ਬਾਰ 'ਪੋਲੀਟੀਕੋ' ਨੇ ਮੱਧ ਪੂਰਬ ਦੇ ਇਕ ਸੀਨੀਅਰ ਡਿਪਲੋਮੈਟ ਦੇ ਹਵਾਲੇ ਨਾਲ ਇਹ ਜਾਣਕਾਰੀ ਦਿੱਤੀ। ਅਖ਼ਬਾਰ ਨੇ ਡਿਪਲੋਮੈਟ ਦੇ ਹਵਾਲੇ ਨਾਲ ਕਿਹਾ ਕਿ ਸਾਡਾ ਮੁਲਾਂਕਣ ਇਹ ਹੈ ਕਿ ਨੇਤਨਯਾਹੂ ਨਵੰਬਰ 'ਚ ਹੋਣ ਵਾਲੀਆਂ ਅਮਰੀਕੀ ਰਾਸ਼ਟਰਪਤੀ ਚੋਣਾਂ ਤੱਕ ਸਮਾਂ ਲੈਣਾ ਚਾਹੁੰਦੇ ਹਨ। ਐਤਵਾਰ ਨੂੰ ਰਿਪੋਰਟਾਂ ਵਿੱਚ ਕਿਹਾ ਗਿਆ ਕਿ ਨੇਤਨਯਾਹੂ ਸਰਕਾਰ ਦੇ ਸੱਜੇ-ਪੱਖੀ ਮੈਂਬਰਾਂ ਨੂੰ ਖੁਸ਼ ਕਰਨ ਦੀ ਕੋਸ਼ਿਸ਼ ਵਿੱਚ ਜਾਂ ਇਸ ਵਿਸ਼ਵਾਸ ਤੋਂ ਕਿ ਹਮਾਸ ਹੁਣ ਬਹੁਤ ਕਮਜ਼ੋਰ ਹੈ, ਗੱਲਬਾਤ ਵਿੱਚ ਦੇਰੀ ਕਰ ਸਕਦੇ ਹਨ। ਇਸ ਦੇ ਨਾਲ ਹੀ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਦਾ ਮੰਨਣਾ ਹੋ ਸਕਦਾ ਹੈ ਕਿ ਚੋਣਾਂ ਤੋਂ ਬਾਅਦ ਉਹ ਗਾਜ਼ਾ ਪੱਟੀ ਵਿੱਚ ਹਥਿਆਰਬੰਦ ਸੰਘਰਸ਼ ਨੂੰ ਰੋਕਣ ਲਈ ਅਮਰੀਕੀ ਰਾਸ਼ਟਰਪਤੀ ਜੋਅ ਬਾਈਡੇਨ ਦੁਆਰਾ ਉਨ੍ਹਾਂ 'ਤੇ ਪਾਏ ਜਾਣ ਵਾਲੇ ਦਬਾਅ ਤੋਂ ਬਚ ਸਕਣਗੇ। ਇਸ ਤੋਂ ਇਲਾਵਾ ਨੇਤਨਯਾਹੂ ਉਮੀਦ ਕਰਦੇ ਹਨ ਕਿ ਸਾਬਕਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਇਜ਼ਰਾਈਲ ਪ੍ਰਤੀ ਨਰਮ ਰੁਖ਼ ਅਤੇ ਈਰਾਨ ਅਤੇ ਇਸਦੇ ਪ੍ਰੌਕਸੀਜ਼, ਖਾਸ ਤੌਰ 'ਤੇ, ਲੇਬਨਾਨੀ ਅੰਦੋਲਨ ਹਿਜ਼ਬੁੱਲਾ ਪ੍ਰਤੀ ਸਖਤ ਰੁਖ਼ ਅਪਣਾਉਂਦੇ ਹਨ। ਨੇਤਨਯਾਹੂ ਦੇ ਦਫਤਰ ਨੇ ਐਤਵਾਰ ਨੂੰ ਕਿਹਾ ਕਿ ਇਜ਼ਰਾਈਲੀ ਵਾਰਤਾਕਾਰ ਵੀਰਵਾਰ ਨੂੰ ਗਾਜ਼ਾ ਜੰਗਬੰਦੀ ਸਮਝੌਤੇ 'ਤੇ ਵਿਚੋਲੇ ਨਾਲ ਗੱਲਬਾਤ ਜਾਰੀ ਰੱਖਣਗੇ।

# ਨੇਪਾਲੀ PM ਓਲੀ ਨੇ ਭਰੋਸੇ ਦਾ ਵੋਟ ਜਿੱਤਿਆ



ਨੇਪਾਲ ਦੇ ਪ੍ਰਧਾਨ ਮੰਤਰੀ ਕੇਪੀ ਸ਼ਰਮਾ ਓਲੀ ਨੇ ਸੱਤਾ ਵਿਚ ਵਾਪਸੀ ਦੇ ਇਕ ਹਫ਼ਤੇ ਬਾਅਦ ਹੀ ਪ੍ਰਤੀਨਿਧ ਸਦਨ ਵਿਚ ਭਰੋਸੇ ਦਾ ਵੋਟ ਜਿੱਤ ਲਿਆ ਹੈ। ਸਿਨਹੂਆ ਨਿਊਜ਼ ਏਜੰਸੀ ਨੇ ਐਤਵਾਰ ਨੂੰ ਦੱਸਿਆ ਕਿ ਚਾਰ-ਪਾਰਟੀ ਗੱਠਜੋੜ ਦੀ ਅਗਵਾਈ ਕਰਦੇ ਹੋਏ ਓਲੀ ਨੇ 275 ਮੈਂਬਰੀ ਚੈਂਬਰ ਵਿਚੋਂ ਦੋ-ਤਿਹਾਈ ਬਹੁਮਤ ਹਾਸਲ ਕਰਕੇ ਫਲੋਰ ਟੈਸਟ ਜਿੱਤਿਆ। ਸਪੀਕਰ ਦੇਵ ਰਾਜ ਘਿਮੀਰੇ ਨੇ ਕਿਹਾ, "ਭਰੋਸੇ ਦੇ ਮਤੇ ਦਾ ਸਮਰਥਨ ਕੀਤਾ ਗਿਆ ਹੈ ਕਿਉਂਕਿ 188 ਸੰਸਦ ਮੈਂਬਰਾਂ ਨੇ ਇਸ ਦੇ ਹੱਕ ਵਿਚ ਵੋਟ ਦਿੱਤੀ, ਜੋ ਕਿ ਬਹੁਮਤ ਦੇ ਅੰਕ ਤੋਂ ਵੱਧ ਹੈ।" ਭਰੋਸੇ ਦੇ ਪ੍ਰਸਤਾਵ ਲਈ ਸਮਰਥਨ ਦੀ ਮੰਗ ਕਰਦੇ ਹੋਏ ਓਲੀ ਨੇ ਇਕ ਨਵਾਂ ਗੱਠਜੋੜ ਬਣਾਉਣ ਲਈ 1 ਜੁਲਾਈ ਦੀ ਰਾਤ ਨੂੰ ਆਪਣੀ ਕਮਿਊਨਿਸਟ ਪਾਰਟੀ ਆਫ ਨੇਪਾਲ (ਯੂਨੀਫਾਈਡ ਮਾਰਕਸਵਾਦੀ ਲੈਨਿਨਿਸਟ) ਅਤੇ ਨੇਪਾਲੀ ਕਾਂਗਰਸ ਵਿਚਕਾਰ ਹੋਏ ਸੱਤ-ਨੁਕਾਤੀ ਸਮਝੌਤੇ ਨੂੰ ਜਨਤਕ ਕੀਤਾ। ਸੌਦੇ ਦੇ ਤਹਿਤ ਓਲੀ ਪਹਿਲੇ ਦੋ ਸਾਲਾਂ ਲਈ ਸਰਕਾਰ ਦੀ ਅਗਵਾਈ ਕਰਨਗੇ, ਜਦੋਂਕਿ ਨੇਪਾਲੀ ਕਾਂਗਰਸ ਦੇ ਪ੍ਰਧਾਨ ਸ਼ੇਰ ਬਹਾਦੁਰ ਦੇਉਬਾ 2027 ਦੀਆਂ ਆਮ ਚੋਣਾਂ ਤੱਕ ਸਰਕਾਰ ਦੀ ਅਗਵਾਈ ਕਰਨਗੇ। ਡੀਲ 'ਤੇ ਦਸਤਖਤ ਹੋਣ ਤੋਂ ਬਾਅਦ ਸੀਪੀਐੱਨ-ਯੂਐੱਮਐੱਲ ਨੇ ਪੁਸ਼ਪਾ ਕਮਲ ਦਹਿਲ ਦੀ ਅਗਵਾਈ ਵਾਲੇ ਗੱਠਜੋੜ ਨੂੰ ਛੱਡ ਦਿੱਤਾ ਅਤੇ ਸਮਰਥਨ ਵਾਪਸ ਲੈ ਲਿਆ, ਜਿਸ ਨਾਲ ਦਹਿਲ ਦਾ ਗੱਠਜੋੜ ਟੁੱਟ ਗਿਆ।

# ਹੈਤੀ ਦੇ ਤੱਟ 'ਤੇ ਕਿਸ਼ਤੀ ਨੂੰ ਅੱਗ ਲੱਗਣ ਕਾਰਨ ਘੱਟੋ-ਘੱਟ 40 ਪ੍ਰਵਾਸੀਆਂ ਦੀ ਮੌਤ



ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਸੰਗਠਨ (IOH) ਨੇ ਕਿਹਾ ਕਿ ਹੈਤੀਆਈ ਪ੍ਰਵਾਸੀਆਂ ਨੂੰ ਲੈ ਕੇ ਜਾ ਰਹੀ ਇੱਕ ਕਿਸ਼ਤੀ ਨੂੰ ਅੱਗ ਲੱਗਣ ਕਾਰਨ ਸਮੁੰਦਰ ਵਿੱਚ ਘੱਟੋ-ਘੱਟ 40 ਲੋਕਾਂ ਦੀ ਮੌਤ ਹੋ ਗਈ ਹੈ। ਮਾਈਗ੍ਰੇਸ਼ਨ (ਆਈਓਐਮ) ਨੇ ਸ਼ੁੱਕਰਵਾਰ ਨੂੰ ਪੋਰਟ-ਓ-ਪ੍ਰਿੰਸ ਵਿੱਚ ਕਿਹਾ।

ਕਿਸ਼ਤੀ, ਜਿਸ ਵਿੱਚ 80 ਤੋਂ ਵੱਧ ਲੋਕ ਸਵਾਰ ਸਨ, ਫੋਰਟ ਸੇਂਟ ਮਿਸ਼ੇਲ ਤੋਂ ਰਵਾਨਾ ਹੋਈ ਸੀ। ਹੈਤੀਆਈਓਐਮ ਨੇ ਕੈਰੇਬੀਅਨ ਦੇਸ਼ ਦੇ ਪ੍ਰਵਾਸ ਅਥਾਰਟੀ ਦਾ ਹਵਾਲਾ ਦਿੰਦੇ ਹੋਏ ਇੱਕ ਬਿਆਨ ਵਿੱਚ ਕਿਹਾ ਕਿ ਜਹਾਜ਼ ਉੱਤਰੀ ਆਇਰਲੈਂਡ ਦੇ ਉੱਤਰੀ ਹਿੱਸੇ ਦੇ ਰਸਤੇ ਤੁਰਕਸ ਅਤੇ ਕੈਕੋਸ ਟਾਪੂ ਵੱਲ ਜਾ ਰਿਹਾ ਸੀ।

ਹੈਤੀਆਈ ਕੋਸਟ ਗਾਰਡ ਵੱਲੋਂ 41 ਲੋਕਾਂ ਨੂੰ ਅੱਗ ਤੋਂ ਬਚਾ ਲਿਆ ਗਿਆ। ਬਿਆਨ ਵਿੱਚ ਕਿਹਾ ਗਿਆ ਹੈ ਕਿ ਉਨ੍ਹਾਂ ਨੂੰ ਵਰਤਮਾਨ ਵਿੱਚ ਆਈਓਐਮ ਦੁਆਰਾ ਦੇਖਭਾਲ ਅਤੇ ਸਹਾਇਤਾ ਪ੍ਰਦਾਨ ਕੀਤੀ ਜਾ ਰਹੀ ਹੈ, ਅਤੇ ਉਨ੍ਹਾਂ ਵਿੱਚੋਂ 11 ਨੂੰ ਨਜ਼ਦੀਕੀ ਹਸਪਤਾਲ ਲਿਜਾਇਆ ਗਿਆ ਹੈ।

ਉੱਤਰੀ ਹੈਤੀ ਦੇ ਸਿਵਲ ਪ੍ਰੋਟੈਕਸ਼ਨ ਦਫਤਰ ਦੇ ਮੁਖੀ ਜੀਨ-ਹੈਨਰੀ ਪੇਟਿਟ ਨੇ ਮਿਆਮੀ ਹੇਰਾਲਡ ਨੂੰ ਦੱਸਿਆ ਕਿ ਕਿਸ਼ਤੀ 'ਤੇ ਸਵਾਰ ਯਾਤਰੀਆਂ ਨੇ ਸੁਰੱਖਿਅਤ ਰਸਤੇ ਲਈ ਪ੍ਰਾਰਥਨਾ ਕਰਨ ਲਈ ਮਾਚਿਸ ਦੇ ਨਾਲ ਮੋਮਬੱਤੀਆਂ ਜਗਾਈਆਂ, ਜਿਸ ਨਾਲ ਗੈਸੋਲੀਨ ਨਾਲ ਭਰੇ ਡਰੰਮ ਨੂੰ ਅੱਗ ਲੱਗ ਗਈ ਅਤੇ ਵਿਸਫੋਟ ਹੋ ਗਿਆ। ਹੈਤੀ ਵਿੱਚ ਆਈਓਐਮ ਦੇ ਮੁਖੀ ਗ੍ਰੇਗੋਇਰ ਗੁਡਸਟੀਨ ਨੇ ਇੱਕ ਬਿਆਨ ਵਿੱਚ ਕਿਹਾ, "ਇਹ ਵਿਨਾਸ਼ਕਾਰੀ ਘਟਨਾ ਬੱਚਿਆਂ, ਔਰਤਾਂ ਅਤੇ ਮਰਦਾਂ ਨੂੰ ਅਨਿਯਮਿਤ ਰੂਟਾਂ 'ਤੇ ਪਰਵਾਸ ਕਰਨ ਵਾਲੇ ਖ਼ਤਰਿਆਂ ਨੂੰ ਉਜਾਗਰ ਕਰਦੀ ਹੈ।" ਗੁਡਸਟੀਨ ਨੇ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਕਿ ਪਿਛਲੇ ਕਈ ਮਹੀਨਿਆਂ ਤੋਂ ਹੈਤੀ ਵਿੱਚ ਬਹੁਤ ਜ਼ਿਆਦਾ ਗੈਂਗ-ਸਬੰਧਤ ਹਿੰਸਾ ਨੇ ਹੈਤੀ ਵਾਸੀਆਂ ਨੂੰ ਦੇਸ਼ ਤੋਂ ਭੱਜਣ ਲਈ "ਹਤਾਸ਼ ਉਪਾਅ ਕਰਨ" ਲਈ ਮਜਬੂਰ ਕੀਤਾ ਹੈ।

# 4 ਦਿਨ ਪਹਿਲਾਂ ਕੈਨੇਡਾ ਗਏ ਪੰਜਾਬੀ ਨੌਜਵਾਨ ਦੀ ਮੌਤ, ਮਾਪਿਆਂ ਦਾ ਇਕਲੌਤਾ ਪੁੱਤ ਸੀ ਮ੍ਰਿਤਕ



ਵਿਦੇਸ਼ਾਂ ਵਿੱਚ ਪੰਜਾਬੀ ਨੌਜਵਾਨਾਂ ਦੀਆਂ ਮੌਤਾਂ ਹੋਣ ਦਾ ਸਿਲਸਿਲਾ ਰੁਕਣ ਦਾ ਨਾਮ ਨਹੀਂ ਲੈ ਰਿਹਾ ਹੈ। ਅਜਿਹਾ ਹੀ ਇੱਕ ਹੋਰ ਮਾਮਲਾ ਕੈਨੇਡਾ ਤੋਂ ਸਾਹਮਣੇ ਆਇਆ ਹੈ ਜਿੱਥੇ ਇਕ ਪੰਜਾਬੀ ਨੌਜਵਾਨ ਦੀ ਬ੍ਰੇਨ ਅਟੈਕ ਕਾਰਨ ਮੌਤ ਹੋ ਗਈ ਹੈ। ਮ੍ਰਿਤਕ ਦੀ ਪਛਾਣ ਵਰਿੰਦਰ ਸਿੰਘ ਵਜੋਂ ਹੋਈ ਹੈ ਜੋ ਕਿ ਕਪੂਰਥਲਾ ਦੇ ਪਿੰਡ ਮੰਡੇਰ ਬੇਟ ਦਾ ਵਸਨੀਕ ਸੀ। ਦੱਸਿਆ ਜਾ ਰਿਹਾ ਹੈ ਕਿ ਵਰਿੰਦਰ ਚੰਗੇ ਭਵਿੱਖ ਲਈ ਕੁਝ ਦਿਨ ਪਹਿਲਾਂ ਹੀ ਕੈਨੇਡਾ ਗਿਆ ਸੀ।ਨੌਜਵਾਨ ਦੀ ਮੌਤ ਦੀ ਖਬਰ ਮਿਲਦਿਆਂ ਹੀ ਇਲਾਕੇ ਵਿੱਚ ਸੋਗ ਦੀ ਲਹਿਰ ਫੈਲ ਗਈ ਹੈ । ਮ੍ਰਿਤਕ ਨੌਜਵਾਨ ਦੇ ਪਰਿਵਾਰ ਨੇ ਭਰੇ ਮਨ ਨਾਲ ਦੱਸਿਆ ਕਿ ਅਜੇ ਤਾਂ ਪਰਿਵਾਰ ਵਰਿੰਦਰ ਸਿੰਘ ਦੇ ਵਿਦੇਸ਼ ਜਾਣ ਦੀਆਂ ਖੁਸ਼ੀਆਂ ਮਨਾ ਰਿਹਾ ਸੀ ਤਾਂ ਉੱਪਰੋਂ ਇਹ ਮਨਹੂਸ ਖ਼ਬਰ ਪਹੁੰਚ ਗਈ । ਨੌਜਵਾਨ ਦੀ ਮੌਤ ਦੀ ਖਬਰ ਮਿਲਣ ਮਗਰੋਂ ਪਰਿਵਾਰ ਦਾ ਰੋ-ਰੋ ਬੁਰਾ ਹਾਲ ਹੋਇਆ ਪਿਆ ਹੈ।ਦੱਸ ਦੇਈਏ ਕਿ ਪਰਿਵਾਰ ਨੇ ਮ੍ਰਿਤਕ ਵਰਿੰਦਰ ਸਿੰਘ ਦੀ ਦੇਹ ਭਾਰਤ ਲਿਆਉਣ ਲਈ ਪੰਜਾਬ ਸਰਕਾਰ ਅਤੇ ਸਿੱਖ ਸੰਸਥਾਵਾਂ ਨੂੰ ਮਦਦ ਦੀ ਗੁਹਾਰ ਲਗਾਈ ਹੈ। ਹੁਣ ਦੇਖਣਾ ਇਹ ਹੋਵੇਗਾ ਕਿ ਵਰਿੰਦਰ ਸਿੰਘ ਦਾ ਮ੍ਰਿਤਕ ਸਰੀਰ ਕਦੋਂ ਪੰਜਾਬ ਆਉਂਦਾ ਹੈ ਤੇ ਮਾਪੇ ਆਪਣੇ ਬੱਚੇ ਦੀਆਂ ਰਸਮ ਕਿਰਿਆਂਵਾ ਆਪਣੇ ਹੱਥੀਂ ਕਰਦੇ ਹਨ।


# ਭਾਰਤ ਵਿੱਚ ਸਭ ਤੋਂ ਪ੍ਰਸਿੱਧ ਸ਼ਿਵ ਮੰਦਰ



ਸ਼ਿਵ, ਹਿੰਦੂ ਧਾਰਮਿਕ ਮਾਨਤਾਵਾਂ ਦੇ ਅਨੁਸਾਰ ਪਰਮ ਸ਼ਕਤੀ, ਨੇ ਭਾਰਤੀ ਸੰਸਕ੍ਰਿਤੀ ਦੇ ਨਿਰਮਾਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਦੇਸ਼ ਦੇ ਉੱਤਰੀ ਹਿੱਸੇ ਵਿੱਚ ਸ਼ਿਵ ਜਾਂ ਮਹਾਦੇਵ ਅਤੇ ਦੱਖਣ ਵਿੱਚ ਥਿਲਾਈ ਵਜੋਂ ਜਾਣੇ ਜਾਂਦੇ, ਦੇਵਤੇ ਨੂੰ ਇਸ ਬ੍ਰਹਿਮੰਡ ਦੇ ਨਿਰਮਾਣ ਪਿੱਛੇ ਤਿੰਨ ਮੁੱਖ ਊਰਜਾਵਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ। ਮਿਥਿਹਾਸ ਵਿੱਚ ਜਿਆਦਾਤਰ ਇੱਕ ਯੋਗੀ ਜਾਂ ਸ਼ਾਂਤਮਈ ਹਸਤੀ ਦੇ ਰੂਪ ਵਿੱਚ ਦਰਸਾਇਆ ਗਿਆ ਹੈ, ਸ਼ਿਵ ਨੂੰ ਪ੍ਰਾਚੀਨ ਧਾਰਮਿਕ ਗ੍ਰੰਥਾਂ ਵਿੱਚ ਇੱਕ ਭੈਰਵ ਜਾਂ ਨਟਰਾਜ ਦੇ ਰੂਪ ਵਿੱਚ ਇੱਕ ਭਿਆਨਕ ਦੇਵਤੇ ਵਜੋਂ ਵੀ ਦਰਸਾਇਆ ਗਿਆ ਹੈ। ਕਸ਼ਮੀਰ ਤੋਂ ਕੰਨਿਆਕੁਮਾਰੀ ਅਤੇ ਸੌਰਾਸ਼ਟਰ ਤੋਂ ਅਸਾਮ ਤੱਕ, ਉਸਨੂੰ ਬੁਰਾਈਆਂ ਦੇ ਨਾਸ਼ ਕਰਨ ਵਾਲੇ ਅਤੇ ਨਿਰਦੋਸ਼ਾਂ ਦੇ ਬਚਾਅ ਕਰਨ ਵਾਲੇ ਵਜੋਂ ਵੱਖ-ਵੱਖ ਰੂਪਾਂ ਵਿੱਚ ਪੂਜਿਆ ਜਾਂਦਾ ਰਿਹਾ ਹੈ। ਦੇਸ਼ ਦੇ ਵੱਖ-ਵੱਖ ਕੋਨਿਆਂ ਵਿੱਚ ਦ੍ਵਾਦਸ਼ਾ ਜਯੋਤਿਰਲਿੰਗ (12 ਮੰਦਰ), ਪੰਚ ਕੇਦਾਰ (5 ਮੰਦਰ) ਅਤੇ ਪੰਚ ਭੂਤ ਸਥਲਮ (5 ਮਹਾਨ ਤੱਤ) ਵਰਗੇ ਪ੍ਰਸਿੱਧ ਤੀਰਥ ਯਾਤਰਾ ਸਰਕਟਾਂ ਦੇ ਗਠਨ ਦੇ ਨਤੀਜੇ ਵਜੋਂ ਵੱਖ-ਵੱਖ ਦਿਲਚਸਪ ਮਿੱਥਾਂ ਅਤੇ ਕਥਾਵਾਂ ਸ਼ਿਵ ਦੀ ਸਰਵਉੱਚਤਾ 'ਤੇ ਕੇਂਦਰਿਤ ਹਨ। . ਭਾਰਤ ਵਿੱਚ ਲਗਭਗ ਸੈਂਕੜੇ ਮੰਦਰ ਪਾਏ ਜਾਂਦੇ ਹਨ ਜੋ ਵਿਸ਼ੇਸ਼ ਤੌਰ 'ਤੇ ਸਮਹਰ ਕਰਤਾ (ਵਿਨਾਸ਼ ਕਰਨ ਵਾਲੇ) ਸ਼ਿਵ ਨੂੰ ਸਮਰਪਿਤ ਹਨ। ਇਹ ਬਲੌਗ ਤੁਹਾਨੂੰ ਭਾਰਤ ਦੇ ਸਭ ਤੋਂ ਪ੍ਰਸਿੱਧ ਸ਼ਿਵ ਮੰਦਰਾਂ ਬਾਰੇ ਦੱਸਣ ਲਈ ਇੱਥੇ ਲਿਖਿਆ ਗਿਆ ਹੈ ਜੋ ਸਿਰਫ ਧਾਰਮਿਕ ਰੂਹਾਂ ਦੀ ਚੋਣ ਨਹੀਂ ਹਨ ਬਲਕਿ ਇਤਿਹਾਸ ਦੇ ਪ੍ਰੇਮੀਆਂ ਦੇ ਵਿਚਾਰਾਂ ਲਈ ਭੋਜਨ ਹਨ।



ਸੋਮਨਾਥ ਦਾ ਇਤਿਹਾਸਕ ਮੰਦਰ ਸੌਰਾਸ਼ਟਰ ਵਿੱਚ ਵੇਰਾਵਲ ਨੇੜੇ ਪ੍ਰਭਾਸ ਖੇਤਰ ਵਿੱਚ ਸਥਿਤ ਹੈ। ਇਹ ਭਗਵਾਨ ਸ਼ਿਵ ਨੂੰ ਸਮਰਪਿਤ 12 ਜਯੋਤਿਰਲਿੰਗ ਮੰਦਰਾਂ ਵਿੱਚੋਂ ਇੱਕ ਹੈ ਅਤੇ ਹਿੰਦੂਆਂ ਵਿੱਚ ਵੱਕਾਰੀ ਸਥਿਤੀ ਪ੍ਰਾਪਤ ਕਰਦਾ ਹੈ। ਮੰਦਿਰ ਗੰਭੀਰ ਇਤਿਹਾਸਕ ਘਟਨਾਵਾਂ ਦਾ ਗਵਾਹ ਰਿਹਾ ਹੈ ਅਤੇ ਵਿਦੇਸ਼ੀ ਹਮਲਾਵਰਾਂ ਦੁਆਰਾ ਰਤਨ ਅਤੇ ਗਹਿਣਿਆਂ ਦੇ ਇਸ ਦੇ ਨਿਵੇਕਲੇ ਭੰਡਾਰ ਲਈ ਬਰਬਾਦ ਕਰ ਦਿੱਤਾ ਗਿਆ ਹੈ। ਸੋਮਨਾਥ ਦੇ ਹਾਲ ਹੀ ਦੇ ਮੰਦਿਰ ਦਾ 1947 ਵਿੱਚ ਪੁਨਰ ਨਿਰਮਾਣ ਕੀਤਾ ਗਿਆ ਸੀ। ਮੰਦਰ ਦਾ ਨਿਰਮਾਣ ਆਰਕੀਟੈਕਚਰ ਦੀ ਚਲੁਕਿਆ ਸ਼ੈਲੀ ਵਿੱਚ ਕੀਤਾ ਗਿਆ ਹੈ ਅਤੇ ਸਮੁੰਦਰ ਦੇ ਕਿਨਾਰੇ ਦੇ ਬਿਲਕੁਲ ਕੋਲ ਬਣਾਇਆ ਗਿਆ ਹੈ। ਮੰਦਿਰ ਦਾ ਧਿਆਨ ਖਿੱਚਣ ਵਾਲਾ ਹਿੱਸਾ ਇੱਕ ਤੀਰ ਦਾ ਥੰਮ ਹੈ, ਜਿਸਨੂੰ ਬਾਣ ਸਥੰਭ ਕਿਹਾ ਜਾਂਦਾ ਹੈ।




ਆਂਧਰਾ ਪ੍ਰਦੇਸ਼ ਵਿੱਚ ਸ਼੍ਰੀਸੈਲਮ ਵਿੱਚ ਸਥਿਤ, ਮੱਲਿਕਾਰਜੁਨ ਸਵਾਮੀ ਮੰਦਿਰ ਕ੍ਰਿਸ਼ਨਾ ਨਦੀ ਦੇ ਕੰਢੇ ਇੱਕ ਹੋਰ ਜਯੋਤਿਰਲਿੰਗ ਮੰਦਿਰ ਹੈ। ਮੰਦਿਰ ਵਿੱਚ ਇੱਕ ਸੁਨਹਿਰੀ ਗੋਲਾ ਹੈ ਅਤੇ ਇਸਦੇ ਚਾਂਦੀ ਦੇ ਦਰਵਾਜ਼ੇ ਅਤੇ ਸ਼ਾਨਦਾਰ ਸਜਾਵਟੀ ਥੰਮ੍ਹਾਂ ਲਈ ਸ਼ਾਨਦਾਰ ਦਿਖਾਈ ਦਿੰਦਾ ਹੈ। ਇੱਥੇ ਭਗਵਾਨ ਸ਼ਿਵ ਦੀ ਮੱਲਿਕਾਰਜੁਨ ਦੇ ਰੂਪ ਵਿੱਚ ਪੂਜਾ ਕੀਤੀ ਜਾਂਦੀ ਹੈ ਅਤੇ ਦੇਵੀ ਪਾਰਵਤੀ ਦੀ ਇੱਥੇ ਭਦਰਕਾਲੀ ਦੇ ਰੂਪ ਵਿੱਚ ਪੂਜਾ ਕੀਤੀ ਜਾਂਦੀ ਹੈ। ਮੱਲਿਕਾਰਜੁਨ ਸਵਾਮੀ ਦਾ ਮੰਦਰ ਲਗਭਗ 6 ਸਦੀਆਂ ਪਹਿਲਾਂ ਬਿਜਯਾਨਗਰ ਰਾਜ ਦੇ ਰਾਜਾ ਹਰੀਹਰ ਰਾਏ ਦੁਆਰਾ ਬਣਾਇਆ ਗਿਆ ਸੀ, ਇਸ ਲਈ ਇਤਿਹਾਸ ਦੇ ਪ੍ਰੇਮੀਆਂ ਨੂੰ ਇਸ ਮੰਦਰ ਵਿੱਚ ਆਪਣੇ ਗਿਆਨ ਬੈਂਕ ਨੂੰ ਭਰਨ ਲਈ ਕਾਫ਼ੀ ਤੱਤ ਮਿਲ ਸਕਦੇ ਹਨ।



ਵੈਦਿਆ ਦਾ ਅਰਥ ਹੈ ਡਾਕਟਰ ਅਤੇ ਨਾਥ ਦਾ ਅਰਥ ਪ੍ਰਭੂ ਹੈ, ਇਸ ਲਈ ਵੈਦਯਨਾਥ ਦਾ ਸ਼ਾਬਦਿਕ ਅਰਥ ਹੈ ਉਹ ਪ੍ਰਭੂ ਜੋ ਡਾਕਟਰਾਂ ਵਜੋਂ ਕੰਮ ਕਰਦਾ ਹੈ। ਇਸ ਮੰਦਰ ਦਾ ਰਾਵਣ ਦੀ ਮਿਥਿਹਾਸਕ ਘਟਨਾ ਨਾਲ ਸਬੰਧ ਹੈ ਜਿਸ ਨੇ ਭਗਵਾਨ ਸ਼ਿਵ ਨੂੰ ਪ੍ਰਸੰਨ ਕਰਨ ਲਈ ਆਪਣੇ ਦਸ ਸਿਰਾਂ ਦੀ ਬਲੀ ਦਿੱਤੀ ਸੀ। ਮੰਨਿਆ ਜਾਂਦਾ ਹੈ ਕਿ ਰਾਵਣ ਦੀ ਭਗਤੀ ਤੋਂ ਖੁਸ਼ ਹੋ ਕੇ ਸ਼ਿਵ ਦੇਵਘਰ ਆ ਗਏ ਅਤੇ ਰਾਵਣ ਦੇ ਕੱਟੇ ਹੋਏ ਸਿਰ ਦਾ ਡਾਕਟਰ ਬਣ ਕੇ ਇਲਾਜ ਕੀਤਾ। ਬੈਦਿਆਨਾਥ ਧਾਮ ਜਾਂ ਬਾਬਾ ਧਾਮ ਜਯੋਤਿਰਲਿੰਗ ਮੰਦਰਾਂ ਵਿੱਚੋਂ ਇੱਕ ਹੈ ਅਤੇ ਝਾਰਖੰਡ ਦੇ ਸੰਥਾਲ ਪਰਗਨਾ ਮੰਡਲ ਵਿੱਚ ਸਥਿਤ ਹੈ। ਮੰਦਰਾਂ ਦੇ ਕੰਪਲੈਕਸ ਵਿੱਚ ਵੱਖ-ਵੱਖ ਦੇਵਤਿਆਂ ਨੂੰ ਸਮਰਪਿਤ ਵੱਖ-ਵੱਖ ਉਚਾਈਆਂ ਦੇ 22 ਮੰਦਰ ਸ਼ਾਮਲ ਹਨ। ਇਸ ਮੰਦਿਰ ਵਿੱਚ ਦੇਖੇ ਜਾਣ ਵਾਲੇ ਪ੍ਰਾਚੀਨ ਤੱਤ ਪੰਚਸ਼ੁਲਾ, ਚੰਦਰਕਾਂਤਾ ਮਣੀ ਅਤੇ ਸਪੱਸ਼ਟ ਤੌਰ 'ਤੇ ਲਿੰਗਮ ਹਨ ਜੋ ਇੱਕ ਵਿਲੱਖਣ ਪੱਥਰ ਦਾ ਬਣਿਆ ਹੋਇਆ ਹੈ।



5 ਪਹਿਲਾਂ ਢਾਹੇ ਗਏ ਸ਼ਹਿਰਾਂ ਦੇ ਸਥਾਨ 'ਤੇ ਖੜ੍ਹਾ ਇਤਿਹਾਸਕ ਤੌਰ 'ਤੇ ਅਮੀਰ ਮੰਦਰ, ਨਾਗੇਸ਼ਵਰ ਗੁਜਰਾਤ ਦੇ ਸੌਰਾਸ਼ਟਰ ਦੇ ਤੱਟ 'ਤੇ ਸਥਿਤ ਹੈ। ਇਹ ਮੰਦਰ ਦਵਾਰਕਾ ਸ਼ਹਿਰ ਅਤੇ ਬੇਟ ਦਵਾਰਕਾ ਟਾਪੂ ਦੇ ਵਿਚਕਾਰ ਦੇ ਰਸਤੇ 'ਤੇ ਪਾਇਆ ਜਾਂਦਾ ਹੈ। ਸ਼ਿਵ ਨੂੰ ਨਾਗੇਸ਼ਵਰ ਵਿੱਚ ਇੱਕ ਜਯੋਤਿਰਲਿੰਗ ਦੇ ਰੂਪ ਵਿੱਚ ਪੂਜਿਆ ਜਾਂਦਾ ਹੈ ਅਤੇ ਇੱਕ ਭੂਮੀਗਤ ਅਸਥਾਨ ਵਿੱਚ ਦੇਖਿਆ ਜਾ ਸਕਦਾ ਹੈ। ਧਾਰਮਿਕ ਅਤੇ ਮਿਥਿਹਾਸਕ ਮਹੱਤਤਾ ਤੋਂ ਇਲਾਵਾ, ਮੰਦਰ ਵਿੱਚ ਕੁਝ ਮਹੱਤਵਪੂਰਨ ਆਕਰਸ਼ਣ ਹਨ ਜਿਵੇਂ ਕਿ ਭਗਵਾਨ ਸ਼ਿਵ ਦੀ 25 ਮੀਟਰ ਉੱਚੀ ਮੂਰਤੀ ਦੇ ਨਾਲ-ਨਾਲ ਇੱਕ ਤਾਲਾਬ ਦੇ ਨਾਲ ਇੱਕ ਵਿਸ਼ਾਲ ਬਾਗ। ਪ੍ਰਾਚੀਨ ਗ੍ਰੰਥਾਂ ਵਿੱਚ ਨਾਗੇਸ਼ਵਰ ਨੂੰ ਦਾਰੂਕਾਵਨ ਕਿਹਾ ਗਿਆ ਹੈ।




ਰਾਮਨਾਥਸਵਾਮੀ ਮੰਦਿਰ ਤਾਮਿਲਨਾਡੂ ਵਿੱਚ ਰਾਮੇਸ਼ਵਰਮ ਨਾਮਕ ਇੱਕ ਟਾਪੂ ਵਿੱਚ ਸਥਿਤ ਹੈ। ਸ਼ਾਇਵ ਅਤੇ ਵੈਸ਼ਨਵ ਵਿਸ਼ਵਾਸੀਆਂ ਦੁਆਰਾ ਬਹੁਤ ਸਤਿਕਾਰਿਆ ਗਿਆ, ਇਹ ਮੰਦਰ ਉਸੇ ਸਥਾਨ 'ਤੇ ਬਣਾਇਆ ਗਿਆ ਸੀ ਜਿੱਥੇ ਭਗਵਾਨ ਰਾਮ ਨੇ ਆਪਣੇ ਪਾਪ ਤੋਂ ਛੁਟਕਾਰਾ ਪਾਉਣ ਲਈ ਸ਼ਿਵ ਦੀ ਪੂਜਾ ਕੀਤੀ ਸੀ, ਰਾਵਣ, ਇੱਕ ਬ੍ਰਾਹਮਣ ਨੂੰ ਮਾਰਿਆ ਸੀ। ਮੰਦਰ ਦਾ ਮਹੱਤਵਪੂਰਨ ਧਾਰਮਿਕ ਮੁੱਲ ਹੈ ਅਤੇ ਕਲਾ ਅਤੇ ਆਰਕੀਟੈਕਚਰ ਦੇ ਪ੍ਰੇਮੀਆਂ ਵਿੱਚ ਦੁਨੀਆ ਦੇ ਸਭ ਤੋਂ ਲੰਬੇ ਮੰਦਰ ਦੇ ਗਲਿਆਰੇ ਵਿੱਚ ਰਹਿਣ ਲਈ ਵਧੇਰੇ ਮਹੱਤਵ ਪ੍ਰਾਪਤ ਕਰਦਾ ਹੈ। ਇਹ ਮੰਨਿਆ ਜਾਂਦਾ ਹੈ ਕਿ ਭਗਵਾਨ ਸ਼ਿਵ (ਵੱਡੀ) ਦੀ ਮੂਰਤੀ ਅਸਲ ਵਿੱਚ ਭਗਵਾਨ ਰਾਮ ਦੇ ਭਗਤ ਹਨੂੰਮਾਨ ਦੁਆਰਾ ਕੈਲਾਸ਼ ਤੋਂ ਲਿਆਂਦੀ ਗਈ ਸੀ।



ਧਰਤੀ ਦਾ ਆਖ਼ਰੀ ਜੋਤਿਰਲਿੰਗ ਮੰਦਰ ਮੰਨਿਆ ਜਾਂਦਾ ਹੈ, ਗ੍ਰਿਸ਼ਨੇਸ਼ਵਰ ਦੌਲਤਾਬਾਦ (ਦੇਵਗਿਰੀ) ਦੇ ਨੇੜੇ ਵੇਰੂਲ ਨਾਮਕ ਪਿੰਡ ਵਿੱਚ ਸਥਿਤ ਹੈ। ਇਹ ਮੰਦਰ ਔਰੰਗਾਬਾਦ ਤੋਂ ਲਗਭਗ 30 ਕਿਲੋਮੀਟਰ ਦੂਰ ਹੈ ਅਤੇ ਏਲੋਰਾ ਗੁਫਾਵਾਂ ਦੇ ਬਹੁਤ ਨੇੜੇ ਹੈ। ਇਹ ਲਾਲ ਚੱਟਾਨਾਂ ਦਾ ਬਣਿਆ ਹੋਇਆ ਹੈ ਅਤੇ ਪੂਰਵ-ਇਤਿਹਾਸਕ ਆਰਕੀਟੈਕਚਰਲ ਸ਼ੈਲੀ ਵਿੱਚ ਤਿਆਰ ਕੀਤਾ ਗਿਆ ਹੈ। ਮੰਦਰ ਦਾ ਨਿਰਮਾਣ ਅਹਿਲਿਆਭਾਈ ਹੋਲਕਰ ਨੇ ਕਰਵਾਇਆ ਸੀ। ਮੰਦਿਰ ਦਾ ਨਿਰਮਾਣ ਸ਼ਿਵ ਪੁਰਾਣ ਦੀ ਇੱਕ ਬਹੁਤ ਹੀ ਦਿਲਚਸਪ ਕਹਾਣੀ ਨਾਲ ਜੁੜਿਆ ਹੋਇਆ ਹੈ ਜਿਸ ਵਿੱਚ ਗਰੁਸ਼ਮਾ ਦੀ ਸ਼ਰਧਾ ਦੱਸੀ ਗਈ ਹੈ ਅਤੇ ਕਿਵੇਂ ਉਸਨੇ ਆਪਣੇ ਪੁੱਤਰ ਨੂੰ ਵਾਪਸ ਪ੍ਰਾਪਤ ਕੀਤਾ ਜੋ ਉਸਦੀ ਈਰਖਾਲੂ ਭੈਣ ਦੁਆਰਾ ਮਾਰਿਆ ਗਿਆ ਸੀ। ਇਸ ਘਟਨਾ ਤੋਂ ਮੰਦਿਰ ਦਾ ਨਾਮ ਪਿਆ ਅਤੇ ਇਸ ਤਰ੍ਹਾਂ ਘੁਸ਼ਮੇਸ਼ਵਰ ਜਾਂ ਗੁਸ਼ਮੇਸ਼ਵਰ ਵਜੋਂ ਵੀ ਜਾਣਿਆ ਜਾਂਦਾ ਹੈ।

ਭਾਰਤ ਵਿੱਚ ਇੱਕ ਧਾਰਮਿਕ ਯਾਤਰਾ ਜਿਸ ਨੂੰ ਭਾਰਤੀਆਂ ਵਿੱਚ ਕਿਸੇ ਜਾਣ-ਪਛਾਣ ਦੀ ਲੋੜ ਨਹੀਂ ਹੈ, ਅਮਰਨਾਥ ਭਾਰਤ ਵਿੱਚ ਅਧਿਆਤਮਿਕ ਸੈਰ-ਸਪਾਟੇ ਨੂੰ ਇੱਕ ਵੱਖਰੇ ਪੱਧਰ 'ਤੇ ਲੈ ਜਾਂਦਾ ਹੈ। ਭਾਰਤ ਦੇ ਜੰਮੂ ਅਤੇ ਕਸ਼ਮੀਰ ਰਾਜ ਵਿੱਚ ਸਥਿਤ, ਇਹ ਮੰਦਰ ਭਗਵਾਨ ਅਮਰਨਾਥ ਦੇ ਨਾਮ ਨਾਲ ਜਾਣੀ ਜਾਂਦੀ ਇੱਕ ਪਵਿੱਤਰ ਗੁਫਾ ਵਿੱਚ 3888 ਮੀਟਰ ਦੀ ਉਚਾਈ 'ਤੇ ਸਥਿਤ ਹੈ। ਇਸ ਧਾਰਮਿਕ ਸਥਾਨ ਦਾ ਮੁੱਖ ਆਕਰਸ਼ਣ ਭਗਵਾਨ ਸ਼ਿਵ ਦਾ ਕੁਦਰਤੀ ਤੌਰ 'ਤੇ ਦਿਖਾਈ ਦੇਣ ਵਾਲਾ ਬਰਫ਼ ਦਾ ਲਿੰਗ ਹੈ ਜੋ ਸਾਲ ਵਿੱਚ ਇੱਕ ਵਾਰ ਬਣਦਾ ਹੈ। ਅਮਰਨਾਥ ਨੂੰ ਜਾਣ ਵਾਲੀ ਯਾਤਰਾ ਨੂੰ ਬਹੁਤ ਪਵਿੱਤਰ ਮੰਨਿਆ ਜਾਂਦਾ ਹੈ ਅਤੇ ਇਸਨੂੰ ਪੂਰਾ ਕਰਨ ਲਈ ਬਹੁਤ ਸਾਰੀ ਸਰੀਰਕ ਅਤੇ ਮਾਨਸਿਕ ਤਾਕਤ ਦੀ ਲੋੜ ਹੁੰਦੀ ਹੈ ਕਿਉਂਕਿ ਇਹ ਕਸ਼ਮੀਰ ਦੇ ਕੁਝ ਖੱਜਲ-ਖੁਆਰ ਇਲਾਕਿਆਂ ਵਿੱਚੋਂ ਲੰਘਦੀ ਹੈ ਅਤੇ ਕਿਸੇ ਨੂੰ ਲੰਬਾ ਰਸਤਾ ਤੁਰਨਾ ਪੈਂਦਾ ਹੈ।






ਸ਼ਾਬਦਿਕ ਤੌਰ 'ਤੇ ਲਗਭਗ 1 ਕਰੋੜ ਦੀ ਸੰਖਿਆ ਵਾਲੇ ਸ਼ਿਵਲਿੰਗਮ ਦਾ ਮੰਦਿਰ, ਕੋਟੀਲਿੰਗੇਸ਼ਵਰ ਮੰਦਰ ਕੋਲਾਰ ਜ਼ਿਲ੍ਹੇ ਦੇ ਪਿੰਡ ਕਮਾਸੰਦਰਾ ਵਿੱਚ ਸਥਿਤ ਹੈ। ਇਸ ਮੰਦਰ ਦਾ ਮੁੱਖ ਆਕਰਸ਼ਣ ਵਿਸ਼ਾਲ ਸ਼ਿਵ ਲਿੰਗਮ ਹੈ ਜੋ ਲਗਭਗ 33 ਮੀਟਰ ਉੱਚਾ ਹੈ। ਨੰਦੀ, ਭਗਵਾਨ ਸ਼ਿਵ ਦਾ ਪਹਾੜ ਲਗਭਗ 11 ਮੀਟਰ ਉੱਚਾ ਹੈ। ਇਸ ਮੰਦਰ ਵਿੱਚ ਪਾਏ ਜਾਣ ਵਾਲੇ ਸ਼ਿਵ ਲਿੰਗਮ ਨੂੰ ਦੁਨੀਆ ਦੇ ਸਭ ਤੋਂ ਉੱਚੇ ਜਾਣੇ ਜਾਂਦੇ ਸ਼ਿਵ ਲਿੰਗਾਂ ਵਿੱਚ ਗਿਣਿਆ ਜਾਂਦਾ ਹੈ।

ਹਰਿਦੁਆਰ ਤੋਂ ਲਗਭਗ 4 ਕਿਲੋਮੀਟਰ ਦੂਰ ਕਨਖਲ, ਇੱਕ ਛੋਟਾ ਜਿਹਾ ਸ਼ਹਿਰ ਦਕਸ਼ੇਸ਼ਵਰ ਮਹਾਦੇਵ ਦੇ ਮੰਦਰ ਲਈ ਮਸ਼ਹੂਰ ਹੈ। ਮੰਦਰ ਦਾ ਨਾਮ ਦਕਸ਼ ਪ੍ਰਜਾਪਤੀ ਦੇ ਨਾਮ 'ਤੇ ਰੱਖਿਆ ਗਿਆ ਹੈ ਜੋ ਦੇਵੀ ਸਤੀ ਦੇ ਪਿਤਾ ਸਨ, ਜੋ ਦੇਵੀ ਦੁਰਗਾ ਦਾ ਅਵਤਾਰ ਸੀ। ਮੰਦਿਰ ਦਾ ਨਿਰਮਾਣ ਮੁੱਖ ਤੌਰ 'ਤੇ ਰਾਣੀ ਧਨਕੌਰ ਦੁਆਰਾ 1810 ਵਿੱਚ ਕੀਤਾ ਗਿਆ ਸੀ ਅਤੇ ਬਾਅਦ ਵਿੱਚ 1962 ਵਿੱਚ ਨਵੀਨੀਕਰਨ ਕੀਤਾ ਗਿਆ ਸੀ। ਮੰਦਰ ਨੂੰ ਨਗਾਰਾ ਸ਼ੈਲੀ ਵਿੱਚ ਡਿਜ਼ਾਈਨ ਕੀਤਾ ਗਿਆ ਹੈ। ਇਸ ਮੰਦਰ ਦੇ ਜੀਵੰਤ ਚਿਹਰੇ ਨੂੰ ਦੇਖਣ ਲਈ ਮਹਾਂ ਸ਼ਿਵਰਾਤਰੀ ਸਭ ਤੋਂ ਵਧੀਆ ਸਮਾਂ ਹੈ।






ਪੰਚ ਭੂਟਾ ਸਥਲਾਂ ਵਿੱਚੋਂ ਇੱਕ, ਤਿਰੂਵੰਨਮਲਾਈ ਵਿੱਚ ਅੰਨਾਮਾਲਾਈ ਪਹਾੜੀਆਂ ਦੇ ਅਧਾਰ 'ਤੇ ਪਾਇਆ ਗਿਆ, ਅੰਨਾਮਾਲਾਈਅਰ ਮੰਦਿਰ ਸ਼ੈਵੀਆਂ ਲਈ ਇੱਕ ਮਸ਼ਹੂਰ ਧਾਰਮਿਕ ਸਥਾਨ ਹੈ। ਮੰਦਰ ਕੰਪਲੈਕਸ ਇੱਕ ਵਿਸ਼ਾਲ ਖੇਤਰ ਨੂੰ ਕਵਰ ਕਰਦਾ ਹੈ ਅਤੇ ਦੇਸ਼ ਵਿੱਚ ਇਸਦੇ ਵਿਸ਼ਾਲ ਆਕਾਰ ਅਤੇ ਉੱਚੀ ਉਚਾਈ ਲਈ ਜਾਣਿਆ ਜਾਂਦਾ ਹੈ। ਮੰਦਰ ਬਹੁਤ ਸਾਰੇ ਤਮਿਲ ਧਾਰਮਿਕ ਗ੍ਰੰਥਾਂ ਦੇ ਪਿੱਛੇ ਪ੍ਰੇਰਨਾ ਰਿਹਾ ਹੈ। ਅੰਨਾਮਲਾਈਅਰ ਮੰਦਿਰ ਦੇ ਚਾਰ ਗੇਟਵੇ ਟਾਵਰ ਹਨ ਜੋ ਗੋਪੁਰਮ ਵਜੋਂ ਜਾਣੇ ਜਾਂਦੇ ਹਨ। ਮੰਦਰ ਦਾ ਨਿਰਮਾਣ ਮੁੱਖ ਤੌਰ 'ਤੇ ਚੋਲ ਸ਼ਾਸਕਾਂ ਦੇ ਦਿਨਾਂ ਦੌਰਾਨ ਹੋਇਆ ਸੀ ਅਤੇ ਬਾਅਦ ਵਿੱਚ ਸਲੂਵਾ ਅਤੇ ਤੁਲੁਵਾ ਰਾਜਵੰਸ਼ ਦੇ ਸ਼ਾਸਕਾਂ ਦੁਆਰਾ ਇਸਦਾ ਮੁਰੰਮਤ ਕੀਤਾ ਗਿਆ ਸੀ। ਇਹ ਮੰਦਿਰ ਇੱਕ ਦਿਨ ਵਿੱਚ ਪੰਜ ਰੀਤੀ ਰਿਵਾਜਾਂ ਦਾ ਗਵਾਹ ਹੈ ਅਤੇ ਜੇਕਰ ਤੁਸੀਂ ਇਸ ਮੰਦਿਰ ਦਾ ਸਭ ਤੋਂ ਵੱਧ ਅਨੰਦਮਈ ਦ੍ਰਿਸ਼ ਦੇਖਣਾ ਚਾਹੁੰਦੇ ਹੋ, ਤਾਂ ਤੁਹਾਨੂੰ ਕਾਰਥਿਗਈ ਦੀਪਮ ਤਿਉਹਾਰ ਦੇ ਦੌਰਾਨ ਇੱਥੇ ਆਉਣਾ ਚਾਹੀਦਾ ਹੈ।

ਪੱਛਮੀ ਬੰਗਾਲ ਦੇ ਹਿੰਦੂ ਸ਼ਰਧਾਲੂਆਂ ਦੇ ਸੈਂਕੜੇ ਡੂੰਘੇ ਧਾਰਮਿਕ ਵਿਸ਼ਵਾਸਾਂ ਨਾਲ ਜੁੜਿਆ, ਤਾਰਕੇਸ਼ਵਰ ਹੁਗਲੀ ਜ਼ਿਲ੍ਹੇ ਵਿੱਚ ਸਥਿਤ ਹੈ। ਮੰਦਰ ਦਾ ਪ੍ਰਧਾਨ ਦੇਵਤਾ ਸ਼ਿਵ ਹੈ ਜੋ ਸਾਰੀਆਂ ਧਾਰਮਿਕ ਰੂਹਾਂ ਦਾ ਬਚਾਅ ਕਰਨ ਵਾਲਾ ਮੰਨਿਆ ਜਾਂਦਾ ਹੈ। ਇਹ ਮੰਨਿਆ ਜਾਂਦਾ ਹੈ ਕਿ ਅਸਲ ਲਿੰਗਮ ਜਿਸ ਦੀ ਇਸ ਮੰਦਰ ਵਿੱਚ ਪੂਜਾ ਕੀਤੀ ਜਾਂਦੀ ਹੈ, ਰਾਜਾ ਵਿਸ਼ਨੂੰ ਦਾਸ ਦੇ ਧਰਮੀ ਭਰਾ ਦੁਆਰਾ ਇੱਕ ਜੰਗਲ ਵਿੱਚ ਪਾਇਆ ਗਿਆ ਸੀ। ਇਹ ਮੰਦਰ ਜਿਵੇਂ ਕਿ ਅੱਜ ਦਿਖਾਈ ਦੇ ਰਿਹਾ ਹੈ, ਰਾਜਾ ਵਿਸ਼ਨੂੰ ਦਾਸ ਦੁਆਰਾ ਬਣਾਇਆ ਗਿਆ ਸੀ, ਜਿਸ ਨੂੰ ਭਗਵਾਨ ਸ਼ਿਵ ਨੇ ਆਪਣੇ ਸੁਪਨਿਆਂ ਵਿੱਚ ਇਸ ਨੂੰ ਬਣਾਉਣ ਲਈ ਕਿਹਾ ਸੀ। ਅਜਿਹਾ ਮੰਨਿਆ ਜਾਂਦਾ ਹੈ ਕਿ ਜੋ ਲੋਕ ਇਸ ਮੰਦਿਰ ਵਿੱਚ ਬਿਨਾਂ ਪਾਣੀ ਲਏ ਵਰਤ ਰੱਖਦੇ ਹਨ, ਉਹ ਤਾਰਕ ਨਾਥ ਦੁਆਰਾ ਉਨ੍ਹਾਂ ਦੀ ਮਨੋਕਾਮਨਾ ਜ਼ਰੂਰ ਪੂਰੀ ਕਰਦੇ ਹਨ।





ਮੁਰੁਦੇਸ਼ਵਰ ਦਾ ਮੰਦਰ ਕਰਨਾਟਕ ਦੇ ਉੱਤਰਾ ਕੰਨੜ ਜ਼ਿਲ੍ਹੇ ਦੇ ਭਟਕਲ ਤਾਲੁਕ ਵਿੱਚ ਸਥਿਤ ਹੈ। ਅਰਬ ਸਾਗਰ ਦੇ ਪਾਣੀ ਨਾਲ ਘਿਰਿਆ ਇੱਕ ਪਹਾੜੀ ਸਿਖਰ 'ਤੇ ਸਥਿਤ, ਮੰਦਰ ਇੱਕ 20 ਮੰਜ਼ਿਲਾ ਇਮਾਰਤ ਹੈ। ਮੰਦਿਰ ਵਿੱਚ ਭਗਵਾਨ ਸ਼ਿਵ ਦੀ ਦੁਨੀਆ ਦੀ ਦੂਜੀ ਸਭ ਤੋਂ ਉੱਚੀ ਮੂਰਤੀ ਹੈ ਜੋ ਸੂਰਜ ਡੁੱਬਣ ਵੇਲੇ ਸ਼ਾਮ ਨੂੰ ਇੱਕ ਰਹੱਸਮਈ ਆਭਾ ਫੈਲਾਉਂਦੀ ਹੈ। ਇਹ ਮੂਰਤੀ ਲਗਭਗ 37 ਮੀਟਰ ਉੱਚੀ ਹੈ ਅਤੇ ਅੰਦਾਜ਼ਾ ਲਗਾਇਆ ਜਾਂਦਾ ਹੈ ਕਿ ਇਸ ਮੂਰਤੀ ਨੂੰ ਬਣਾਉਣ ਵਿੱਚ ਲਗਭਗ 2 ਸਾਲ ਦਾ ਸਮਾਂ ਲੱਗਾ।